Excellence in Agri Info
KHETI DUNIYAN, PATIALA
ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
# ਖੇਤੀ ਦੁਨੀਆਂ
Rs.10/-
All Subject to Patiala Jurisdiction.
www.khetiduniyan.in
Editor : Jagpreet Singh • RNI/42269/83 • Issue Dated 01-06-2024 • Vol.42 No.22 • Ph. : 0175-2214575, 90410-14575 • Page : 16
E-mail : khetiduniyan1983@gmail.com

# ਪੰਜਾਬ ਵਿੱਚ ਇਸ ਵਾਰ ਕਣਕ ਦਾ ਰਿਕਾਰਡ ਤੋੜ ਉਤਪਾਦਨ

## 180 ਲੱਖ ਮੀਟਰਿਕ ਟਨ ਹੋਈ ਉਪਜ

ਪੰਜਾਬ ਨੇ ਕਣਕ ਉਤਪਾਦਨ ਵਿੱਚ ਇੱਕ ਹੋਰ ਇਤਿਹਾਸ ਰਚਿਆ ਹੈ । ਇਸ ਵਾਰ ਪੰਜਾਬ ਵਿੱਚ ਰਿਕਾਰਡ ਤੋੜ ਕਣਕ ਉਤਪਾਦਨ ਹੋਇਆ ਹੈ । ਖੇਤੀ ਵਿਭਾਗ ਦੇ ਅਨੁਸਾਰ ਪੰਜਾਬ ਵਿੱਚ 35.08 ਲੱਖ ਹੈਕਟੇਅਰ ਕਣਕ ਰਕਬਾ ਸੀ, ਜੋ ਪਿਛਲੇ ਸਾਲ ਦੇ ਮੁਕਾਬਲੇ 9 ਹਜ਼ਾਰ ਹੈਕਟੇਅਰ ਘੱਟ ਸੀ, ਪਰੰਤੂ ਇਸ ਦੇ ਬਾਵਜੂਦ ਪੰਜਾਬ ਵਿੱਚ 179.82 ਲੱਖ ਮੀਟਰਿਕ ਟਨ ਕਣਕ ਉਤਪਾਦਨ ਹੋਇਆ ਹੈ, ਜੋ ਟੀਚੇ ਤੋਂ ਵੀ ਪਾਰ ਹੋ ਗਿਆ ਹੈ । ਖੇਤੀ ਵਿਭਾਗ ਨੇ 172.21 ਲੱਖ ਮੀਟਰਿਕ ਟਨ ਕਣਕ ਉਤਪਾਦਨ ਦਾ ਟੀਚਾ ਰੱਖਿਆ ਸੀ । ਇਸ ਵਾਰ ਕਣਕ ਖਰੀਦ ਵਿੱਚ ਵੀ ਰਿਕਾਰਡ ਬਣਿਆ ਹੈ ।



2021-22 ਵਿੱਚ ਪੰਜਾਬ ਨੇ 133.34 ਲੱਖ ਮੀਟਰਿਕ ਟਨ ਕਣਕ ਖਰੀਦ ਕੀਤੀ ਸੀ, ਪਰੰਤੂ ਇਸ ਤੋਂ ਬਾਅਦ ਲਗਾਤਾਰ 2 ਸੀਜ਼ਨ ਵਿੱਚ ਕਣਕ ਖਰੀਦ ਵਿੱਚ ਸਿਮਟਦਾ ਗਿਆ । ਇਸ ਵਾਰ ਪੰਜਾਬ ਨੇ ਹੁਣ ਤੱਕ 132.02 ਲੱਖ ਮੀਟਰਿਕ ਟਨ ਕਣਕ ਖਰੀਦ ਕੀਤੀ ਹੈ, ਜੋ ਪਿਛਲੇ 2 ਸਾਲਾਂ ਦਾ ਰਿਕਾਰਡ ਟੁੱਟਿਆ ਹੈ । 12.40 ਲੱਖ ਮੀਟਰਿਕ ਟਨ ਕਣਕ ਖਰੀਦ ਵਿੱਚ ਸੰਗਰੂਰ ਜ਼ਿਲ੍ਹਾ ਟੌਪ 'ਤੇ ਰਿਹਾ ਹੈ, ਜਦੋਂਕਿ ਸਭ ਤੋਂ ਜ਼ਿਆਦਾ ਖਰੀਦ ਪਨਗ੍ਰੇਨ ਏਜੰਸੀ ਨੇ ਕੀਤੀ ਹੈ ।

**ਕਿਸ ਏਜੰਸੀ ਨੇ ਕਿੰਨੀ ਖਰੀਦ ਕੀਤੀ**

| ਕੁੱਲ ਖਰੀਦ | 2023 | 2024 |
|---|---|---|
| ਪਨਗ੍ਰੇਨ | 37.03 | 39.92 |
| ਐਫ. ਸੀ. ਆਈ. | 4.16 | 3.28 |
| ਮਾਰਕਫੈਡ | 30.72 | 32.57 |
| ਪਨਸਪ | 28.85 | 29.80 |
| ਵੇਅਰਹਾਊਸ | 20.28 | 18.93 |
| ਪ੍ਰਾਈਵੇਟ | 4.68 | 7.51 |

**ਕਣਕ ਉਤਪਾਦਨ**

| | |
|---|---|
| 2022-23 | 171 |
| 2023-24 | 165.67 |
| 2024-25 | 179.82 |

(ਸ੍ਰੋਤ : ਖੇਤੀ ਵਿਭਾਗ, ਅੰਕੜੇ ਲੱਖ ਮੀਟਰਿਕ ਟਨ ਵਿੱਚ ਹਨ ।)

**ਕਣਕ ਖਰੀਦ**

| | |
|---|---|
| 2021-22 | 133.34 |
| 2022-23 | 104.42 |
| 2023-24 | 126.86 |
| 2024-25 | 132 |

(ਸ੍ਰੋਤ : ਮੰਡੀ ਬੋਰਡ, ਅੰਕੜੇ ਲੱਖ ਮੀਟਰਿਕ ਟਨ ਵਿੱਚ ਹਨ ।)

**ਕਣਕ ਰਕਬਾ**

| ਸਾਲ | ਰਕਬਾ |
|---|---|
| 2023-24 | 35.17 |
| 2024-25 | 35.08 |

(ਅੰਕੜੇ ਲੱਖ ਹੈਕਟੇਅਰ ਵਿੱਚ ਹਨ)

# ਗਰਮੀ ਦਾ ਸਬਜ਼ੀਆਂ ਤੇ ਝੋਨੇ ਦੀ ਪਨੀਰੀ ਤੇ ਭਾਰੀ ਅਸਰ

ਤਾਪਮਾਨ ਜ਼ਿਆਦਾ ਹੋਣ ਕਾਰਨ ਸਬਜ਼ੀਆਂ ਅਤੇ ਫਲਾਂ 'ਤੇ ਵੀ ਇਸ ਦਾ ਮਾੜਾ ਅਸਰ ਦੇਖਣ ਨੂੰ ਮਿਲ ਰਿਹਾ ਹੈ। ਅੱਤ ਦੀ ਗਰਮੀ ਕਾਰਨ ਸਬਜ਼ੀਆਂ ਕੁਝ ਸਮੇਂ 'ਚ ਹੀ ਮੁਰਝਾ ਜਾਂਦੀਆਂ ਹਨ ਤੇ ਉਨ੍ਹਾਂ ਦਾ ਵਾਧਾ ਤੇ ਵਿਕਾਸ ਰੁਕ ਗਿਆ ਹੈ । ਇਸ ਤੋਂ ਇਲਾਵਾ ਮੱਕੀ, ਹਰਾ ਚਾਰਾ ਤੇ ਹੋਰਨਾਂ ਫਸਲਾਂ ਨੂੰ ਨੁਕਸਾਨ ਹੋਣ ਦੇ ਨਾਲ ਨਾਲ ਕਿਸਾਨਾਂ ਵੱਲੋਂ ਝੋਨੇ ਦੀ ਲਵਾਈ ਲਈ ਬੀਜੀ ਜਾ ਰਹੀ ਪਨੀਰੀ ਵੀ ਸੇਕ ਜਿਆਦਾ ਹੋਣ ਕਾਰਨ ਮਚ ਰਹੀ ਹੈ, ਜਿਸਦੇ ਟੂਸੇ ਉਪਰੋਂ ਸੁੱਕਣ ਲੱਗ ਗਏ ਹਨ । ਇਸ ਸਬੰਧੀ ਕਿਸਾਨਾਂ ਨੂੰ ਸਲਾਹ ਦਿੰਦਿਆਂ ਮੁੱਖ ਖੇਤੀਬਾੜੀ ਅਫਸਰ ਡਾ. ਜਸਵਿੰਦਰ ਸਿੰਘ ਨੇ ਕਿਹਾ ਕਿ ਝੋਨੇ ਦੀ ਪਨੀਰੀ ਨੂੰ ਸੁੱਕਣ ਤੋਂ ਬਚਾਉਣ ਲਈ ਹਲਕਾ ਪਾਣੀ ਲਾਓ ਤੇ ਗਰਮ ਪਾਣੀ ਪਨੀਰੀ 'ਚ ਖੜ੍ਹਾ ਨਾ ਹੋਣ ਦਿੱਤਾ ਜਾਵੇ ।



# ਪਸ਼ੂ ਪਾਲਣ ਵਿਭਾਗ ਵੱਲੋਂ ਗਰਮੀਆਂ ਦੌਰਾਨ ਪਸ਼ੂਆਂ ਦੀ ਸਾਂਭ-ਸੰਭਾਲ ਸਬੰਧੀ ਐਡਵਾਈਜ਼ਰੀ ਜਾਰੀ

ਡਿਪਟੀ ਡਾਇਰੈਕਟਰ ਪਸ਼ੂ-ਪਾਲਣ ਵਿਭਾਗ ਡਾ. ਗੁਰਚਰਨ ਸਿੰਘ ਨੇ ਦੱਸਿਆ ਕਿ ਗਰਮੀਆਂ ਦੇ ਮੌਸਮ ਦੌਰਾਨ ਤਾਪਮਾਨ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ । ਤਾਪਮਾਨ ਦੇ ਵਾਧੇ ਅਤੇ ਇਸ ਕਾਰਨ ਖੁਰਾਕ ਦੀ ਕਮੀ ਕਰਕੇ ਪਸ਼ੂਆਂ ਦਾ ਸਰੀਰ ਦਬਾਅ ਹੇਠ ਆ ਸਕਦਾ ਹੈ । ਇਸ ਦੇ ਨਤੀਜੇ ਵਜੋਂ ਪਸ਼ੂਆਂ ਦੀ ਸਿਹਤ ਤੇ ਮਾੜਾ ਪ੍ਰਭਾਵ ਪੈਂਦਾ ਹੈ । ਇਸ ਲਈ ਪਸ਼ੂਆਂ ਦੀ ਸਾਂਭ-ਸੰਭਾਲ ਅਤੇ ਪ੍ਰਬੰਧਨ ਤੇ ਖਾਸ ਧਿਆਨ ਦੇਣ ਦੀ ਲੋੜ ਹੈ ।

ਉਨ੍ਹਾ ਦੱਸਿਆ ਕਿ ਪਸ਼ੂਆਂ ਨੂੰ ਹਰ ਵੇਲੇ ਛਾਂ ਵਿੱਚ ਰਖਣ ਦਾ ਯਤਨ ਕੀਤਾ ਜਾਵੇ । ਪਸ਼ੂਆਂ ਨੂੰ ਹਰ ਵੇਲੇ ਪੀਣ ਵਾਲਾ ਠੰਡਾ ਪਾਣੀ ਉਪਲਬੱਧ ਹੋਣਾ ਚਾਹੀਦਾ ਹੈ । ਹਰ ਦੋ ਘੰਟਿਆਂ ਬਾਅਦ ਮੋਟਰ ਚਲਾ ਕੇ ਪਾਣੀ ਦੀ ਖੇਲ ਵਿੱਚ ਤਾਜ਼ਾ ਪਾਣੀ ਭਰਦੇ ਰਹੋ । ਜਿਹੜੇ ਪਸ਼ੂ ਕਿੱਲੇ ਨਾਲ ਬੰਨ੍ਹੇ ਰਹਿੰਦੇ ਹਨ, ਉਨ੍ਹਾਂ ਨੂੰ ਪਾਣੀ ਪਿਲਾਉਣ ਲਈ ਕਈ ਵਾਰ ਖੇਲ ਤੱਕ ਲੈ ਕੇ ਜਾਇਆ ਜਾਵੇ । ਪਸ਼ੂਆਂ ਨੂੰ ਚਾਰਾ/ਖੁਰਾਕ ਖਾਣ ਤੋਂ ਬਾਅਦ ਅਤੇ ਧਾਰ ਕੱਢਣ ਤੋਂ ਬਾਅਦ ਪਾਣੀ ਦੀ ਵਧੇਰੇ ਲੋੜ ਮਹਿਸੂਸ ਹੁੰਦੀ ਹੈ । ਇਸ ਲਈ ਇਨ੍ਹਾਂ ਦੋਨਾਂ ਮੌਕਿਆਂ ਵੇਲੇ ਪਸ਼ੂਆਂ ਨੂੰ ਪਾਣੀ ਦੀ ਖੇਲ ਕੋਲ ਕੁਝ ਸਮੇਂ ਲਈ ਖੁੱਲ੍ਹਾ ਜ਼ਰੂਰ ਛੱਡੋ ਤਾਂ ਕਿ ਇਹ ਰੱਜ ਕੇ ਪਾਣੀ ਪੀ ਸਕਣ ।

ਪਸ਼ੂ ਨੂੰ ਸਵੇਰੇ ਜਲਦੀ ਅਤੇ ਸ਼ਾਮ ਨੂੰ ਲੇਟ ਠੰਡੇ ਵੇਲੇ ਖੁਰਾਕ ਦਿਉ । ਦਿਨ ਵੇਲੇ ਗਰਮੀ ਦੇ ਪ੍ਰਭਾਵ ਕਾਰਨ ਪਸ਼ੂਆਂ ਦੀ ਖੁਰਾਕ ਘੱਟ ਜਾਂਦੀ ਹੈ । ਇਸ ਦੇ ਵਿਕਲਪ ਵਜੋਂ ਰਾਤ ਨੂੰ ਸ਼ੈਡ ਵਿੱਚ ਮੱਧਮ ਰੋਸ਼ਨੀ ਰੱਖ ਕੇ ਖੁਰਲੀਆਂ ਨੂੰ ਚਾਰੇ ਅਤੇ ਖੁਰਾਕ ਨਾਲ ਭਰ ਕੇ ਰੱਖਿਆ ਜਾ ਸਕਦਾ ਹੈ ਤਾਂ ਕਿ ਪਸ਼ੂ ਰਾਤ ਨੂੰ ਵੱਧ ਖੁਰਾਕ ਖਾ ਸਕਣ । ਖੁਰਾਕ ਵਿੱਚ ਪ੍ਰੋਟੀਨ ਅਤੇ ਊਰਜਾ ਦੀ ਮਾਤਰਾ ਵਧਾਉਣ ਲਈ ਸਰ੍ਹੋਂ ਦੀ ਖਲ, ਵੜੇਵੇਂ, ਫੁੱਲ ਫੈਟ ਸੋਇਆ ਅਤੇ ਬਾਈਪਾਸ ਫੈਟ ਦੀ ਮਾਤਰਾ ਵਧਾਉਣੀ ਚਾਹੀਦੀ ਹੈ । ਗਰਮੀ ਦਾ ਪ੍ਰਭਾਵ ਘਟਾਉਣ ਲਈ ਫੀਡ ਵਿੱਚ 10 ਗ੍ਰਾਮ ਆਮਲਾ ਪਾਊਡਰ ਪ੍ਰਤੀ ਪਸ਼ੂ ਪ੍ਰਤੀ ਦਿਨ ਅਤੇ ਵਿਟਾਮਿਨ ਏ ਅਤੇ ਵਿਟਾਮਿਨ ਡੀ ਦੀ ਵਰਤੋਂ ਕੀਤੀ ਜਾ ਸਕਦੀ ਹੈ ।

ਦੁੱਧ ਦੀ ਪੈਦਾਵਾਰ, ਫੈਟ ਅਤੇ ਗ੍ਰੇਵਿਟੀ ਵਿੱਚ ਕਮੀ ਨੂੰ ਰੋਕਣ ਲਈ 100 ਗ੍ਰਾਮ ਯੀਸਟ ਪ੍ਰਤੀ ਕੁਇੰਟਲ ਪਸ਼ੂ ਖੁਰਾਕ ਵਿੱਚ ਸ਼ਾਮਲ ਕੀਤੀ ਜਾ ਸਕਦੀ ਹੈ। ਸ਼ੈੱਡ ਵਿੱਚ ਫੁਹਾਰੇ ਫੋਗਰ ਚਲਾਉਣ ਦਾ ਸਮਾਂ ਦੁਪਹਿਰੇ 12:00 ਤੋਂ 04:00 ਵਜੇ ਤੱਕ ਰੱਖਣਾ ਚਾਹੀਦਾ ਹੈ । ਜਿਸ ਵੇਲੇ ਗਰਮੀ ਦਾ ਪ੍ਰਭਾਵ ਯਿਆਦਾ ਹੁੰਦਾ ਹੈ। ਸ਼ੈੱਡ ਦੇ ਅੰਦਰ ਅਤੇ ਆਸਪਾਸ ਮੱਖੀਆਂ, ਮੱਛਰਾਂ ਅਤੇ ਚਿੱਚੜਾਂ ਦੀ ਰੋਕਥਾਮ ਬਹੁਤ ਯ਼ੂਰੀ ਹੈ । ਇਸ ਲਈ ਫਾਰਮ ਵਿੱਚ ਸਫ਼ਾਈ ਰੱਖੋ ਅਤੇ ਮਾਹਿਰਾਂ ਦੀ ਸਲਾਹ ਨਾਲ ਚਿੱਚੜਾਂ ਦੀ ਦਵਾਈ 3 ਐਮ. ਐਲ. ਪ੍ਰਤੀ ਲੀਟਰ ਦੀ ਵਰਤੋਂ ਹਰ ਹਫਤੇ ਕੀਤੀ ਜਾਣੀ ਚਾਹੀਦੀ ਹੈ ।





# ਸਿੰਚਾਈ ਵਾਲੇ ਪਾਣੀਆਂ ਦੀ ਸਾਉਣੀ ਦੀਆਂ ਮੁੱਖ ਫਸਲਾਂ ਵਿੱਚ ਸੁਚੱਜੀ ਵਰਤੋਂ

ਮਿਹਰਬਾਨ ਸਿੰਘ ਕਾਹਲੋਂ, ਮਧੂ ਢਿੰਗਰਾ ਅਤੇ ਗੋਬਿੰਦਰ ਸਿੰਘ,
ਭੂਮੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 95010-34410)

ਸਾਉਣੀ ਦੀਆਂ ਫਸਲਾਂ ਵਿਚ ਪਾਣੀ ਦੀ ਸੰਜਮ ਨਾਲ ਲਾਉਣ ਦੀਆਂ ਸੌਖੀਆਂ ਪਰ ਅਸਰਦਾਰ ਤਕਨੀਕਾਂ ਨੂੰ ਅਪਨਾ ਕੇ ਇਹਨਾਂ ਫਸਲਾਂ ਵਿਚ ਪਾਣੀ ਦੀ ਲਾਗਤ ਨੂੰ ਵੱਡੀ ਮਾਤਰਾ ਵਿਚ ਘਟਾਇਆ ਜਾ ਸਕਦਾ ਹੈ। ਇਹਨਾਂ ਤਕਨੀਕਾਂ ਦੀ ਵਿਸਥਾਰ ਪੂਰਵਕ ਜਾਣਕਾਰੀ ਹੇਠਾਂ ਦਿੱਤੀ ਗਈ ਹੈ।

**ਝੋਨੇ ਵਿਚ ਪਾਣੀ ਦੀ ਬੱਚਤ ਲਈ ਨੁਕਤੇ :**

**ਲੇਜ਼ਰ ਕਰਾਹੇ ਦੀ ਵਰਤੋਂ** : ਝੋਨੇ ਵਾਲੇ ਖੇਤ ਖਾਸ ਕਰਕੇ ਲੇਜ਼ਰ ਲੈਵਲਰ ਨਾਲ ਪੱਧਰੇ ਹੋਣੇ ਚਾਹੀਦੇ ਹਨ। ਲੇਜ਼ਰ ਕਰਾਹਾ ਟਰੈਕਟਰ ਨਾਲ ਚੱਲਣ ਵਾਲੀ ਮਸ਼ੀਨ ਹੈ, ਜਿਸ ਨਾਲ ਲੋੜੀਂਦੀ-ਢਲਾਣ ਮੁਤਾਬਿਕ ਖੇਤ ਨੂੰ ਬਹੁਤ ਵਧੀਆ ਤਰੀਕੇ ਨਾਲ ਪੱਧਰ ਕੀਤਾ ਜਾਂਦਾ ਹੈ। ਇਸ ਨੂੰ 50 ਹਾਰਸ ਪਾਵਰ ਦੇ ਟਰੈਕਟਰ ਨਾਲ ਚਲਇਆ ਜਾਂਦਾ ਹੈ। ਲੇਜ਼ਰ ਕਰਾਹੇ ਨਾਲ ਜ਼ਮੀਨ ਨੂੰ ਪੱਧਰ ਕਰਨ ਨਾਲ ਪਾਣੀ ਦੀ 25-30 ਪ੍ਰਤੀਸ਼ਤ ਬੱਚਤ ਹੁੰਦੀ ਹੈ। ਝਾੜ ਵਿੱਚ 5-10 ਪ੍ਰਤੀਸ਼ਤ ਵਾਧਾ ਹੁੰਦਾ ਹੈ ਅਤੇ ਖਾਦਾਂ ਤੇ ਨਦੀਨ ਨਾਸ਼ਕਾਂ ਦੀ ਸੁਚੱਜੀ ਵਰਤੋਂ ਹੁੰਦੀ ਹੈ।

**ਝੋਨੇ ਦੀ ਸਿੱਧੀ ਬਿਜਾਈ ਅਤੇ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਬੀਜੋ** : ਝੋਨੇ ਦੀ ਸਿੱਧੀ ਬਿਜਾਈ ਕਰਨ ਨਾਲ ਵੀ ਪਾਣੀ ਦੀ ਬੱਚਤ ਤੋਂ ਇਲਾਵਾ ਪਨੀਰੀ ਉਗਾਉਣ, ਢੋਆ-ਢੁਆਈ ਅਤੇ ਖੇਤ ਦੀ ਪਨੀਰੀ ਲਾਉਣ ਦਾ ਖਰਚਾ ਬਚਦਾ ਹੈ। ਬਿਨਾਂ ਕੱਦੂ ਕੀਤੇ ਝੋਨੇ ਦੀ ਸਿੱਧੀ ਬਿਜਾਈ ਕਰਨ ਨਾਲ ਖੇਤ ਵਿਚ ਪਾਣੀ ਖੜਾਉਣ ਦੀ ਲੋੜ ਨਹੀਂ ਪੈਂਦੀ। ਝੋਨੇ ਦੀ ਸਿੱਧੀ ਬਿਜਾਈ ਸਿਰਫ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿਚ ਹੀ ਕਰੋ। ਸੁੱਕੇ ਖੇਤ ਵਿਚ ਕੀਤੀ ਸਿੱਧੀ ਬਿਜਾਈ ਤੋਂ ਤੁਰੰਤ ਬਾਅਦ ਸਿੰਚਾਈ ਕਰੋ ਅਤੇ ਦੂਜੀ ਸਿੰਚਾਈ 4-5 ਦਿਨਾਂ ਬਾਅਦ ਕਰੋ। ਜੇਕਰ ਬਿਜਾਈ ਰੌਣੀ ਕੀਤੇ ਖੇਤ ਵਿਚ ਤਰ ਵੱਤਰ ਵਿਚ ਕੀਤੀ ਗਈ ਹੈ ਤਾਂ ਪਹਿਲੀ ਸਿੰਚਾਈ ਬਿਜਾਈ ਤੋਂ ਲਗਭਗ 21 ਦਿਨਾਂ ਬਾਅਦ ਕਰਨੀ ਚਾਹੀਦੀ ਹੈ ਅਤੇ ਇਸ ਤੋਂ ਬਾਅਦ ਜ਼ਮੀਨ ਦੀ ਕਿਸਮ ਤੇ ਆਧਾਰ ਤੇ 5-7 ਦਿਨਾਂ ਦੇ ਵਕਫੇ ਤੇ ਪਾਣੀ ਦੇਣਾ ਚਾਹੀਦਾ ਹੈ। ਸਿੱਧੀ ਬਿਜਾਈ ਵਾਲੇ ਝੋਨੇ ਵਿਚ ਆਖਰੀ ਪਾਣੀ ਝੋਨਾ ਕੱਟਣ ਤੋਂ ਦਸ ਦਿਨ ਪਹਿਲਾਂ ਦਿਉ। ਇਸ ਤਰੀਕੇ ਨਾਲ ਕੱਦੂ ਕੀਤੇ ਝੋਨੇ ਦੇ ਮੁਕਾਬਲੇ 10-20 ਫੀਸਦੀ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ।

**ਝੋਨੇ ਦੀ ਲੁਆਈ ਦਾ ਸਮਾਂ** : ਝੋਨੇ ਵਿਚ ਪਾਣੀ ਦੀ ਲਾਗਤ ਵਾਸ਼ਪੀਕਰਨ, ਤਾਪਮਾਨ ਅਤੇ ਹਵਾ ਵਿਚਲੀ ਨਮੀ ਤੇ ਨਿਰਭਰ ਕਰਦੀ ਹੈ। ਜੇਕਰ ਝੋਨਾ ਮਈ ਜਾਂ ਜੂਨ ਦੇ ਸ਼ੁਰੂ ਵਿਚ ਲਗਾਇਆ ਜਾਵੇ ਤਾਂ ਪਾਣੀ ਦਾ ਵਾਸ਼ਪੀਕਰਨ ਬਹੁਤ ਜ਼ਿਆਦਾ ਹੁੰਦਾ ਹੈ। ਇਸ ਕਰਕੇ ਪਾਣੀ ਦੀ ਖਪਤ ਜ਼ਿਆਦਾ ਹੁੰਦੀ ਹੈ। ਜੇਕਰ ਝੋਨੇ ਦੀ ਲੁਆਈ ਮਾਨਸੂਨ ਦੇ ਨੇੜੇ (ਜਿਵੇਂ ਕਿ ਪੁਰਾਣੇ ਸਮੇਂ ਵਿਚ ਹੁੰਦਾ ਸੀ) ਯਾਨੀ ਅੱਧ ਜੂਨ ਤੋਂ ਬਾਅਦ ਸ਼ੁਰੂ ਕੀਤੀ ਜਾਵੇ ਤਾਂ ਪਾਣੀ ਦੀ ਖੱਪਤ ਘੱਟ ਹੋਵੇਗੀ। ਇਕ ਅਨੁਮਾਨ ਅਨੁਸਾਰ ਇਕ ਜੂਨ ਨੂੰ ਲਗਾਏ ਝੋਨੇ ਵਿਚ ਵਾਸ਼ਪੀਕਰਨ 620 ਮਿਲੀਮੀਟਰ ਅਤੇ 21 ਜੂਨ ਨੂੰ ਲਗਾਏ ਝੋਨੇ ਵਿਚ 520 ਮਿਲੀਮੀਟਰ ਹੁੰਦੀ ਹੈ। ਇਸੇ ਤਰ੍ਹਾਂ ਲੇਟ ਲਗਾਏ ਝੋਨੇ ਵਿਚ ਪਾਣੀ ਦੀ ਖਪਤ ਵੀ ਘੱਟ ਹੋਵੇਗੀ ਅਤੇ ਇਸ ਦੇ ਨਤੀਜੇ ਵਜੋਂ ਜ਼ਮੀਨ ਹੇਠਲੇ ਪਾਣੀ ਦੀ ਘੱਟ ਵਰਤੋਂ ਹੁਣ ਕਰਕੇ ਪਾਣੀ ਦੇ ਪੱਧਰ ਨੂੰ ਥੱਲੇ ਜਾਣ ਤੋਂ ਰੋਕਿਆ ਜਾ ਸਕੇਗਾ। ਇਸ ਗੱਲ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਨੇ ''ਪੰਜਾਬ ਪ੍ਰੀਜ਼ਰਵੇਸ਼ਨ ਆਫ ਸਬ ਸੋਇਲ ਵਾਟਰ ਐਕਟ 2009'' ਪਾਸ ਕੀਤਾ ਜਿਸ ਤਹਿਤ ਹੁਣ ਝੋਨਾ ਲਾਉਣਾ ਸ਼ੁਰੂ ਕਰਨ ਦੀ ਮਿਤੀ 20 ਜੂਨ ਤੋਂ ਬਾਅਦ ਮਿੱਥੀ ਗਈ ਹੈ।

**ਪਾਣੀ ਸੁਕਾ ਕੇ ਲਾਓ** : ਕਿਸਾਨ ਵੀਰਾਂ ਵਿਚ ਇਕ ਆਮ ਧਾਰਨਾ ਵੇਖਣ ਨੂੰ ਮਿਲਦੀ ਹੈ ਕਿ ਝੋਨੇ ਵਿਚ ਲਗਾਤਾਰ ਪਾਣੀ ਖੜ੍ਹਾ ਰੱਖਣ ਦੀ ਲੋੜ ਹੁੰਦੀ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀ ਸਿਫਾਰਸ਼ ਅਨੁਸਾਰ ਝੋਨੇ ਵਿਚ ਸਿਰਫ ਪਹਿਲੇ ਦੋ ਹਫਤੇ ਪਾਣੀ ਖੜ੍ਹਾ ਰੱਖਣ ਦੀ ਲੋੜ ਹੈ ਤਾਂ ਕਿ ਝੋਨੇ ਦੀ ਪਨੀਰੀ ਦੇ ਬੂਟੇ ਜੰਮ ਪੈਣ ਅਤੇ ਨਦੀਨਾਂ ਦੀ ਰੋਕਥਾਮ ਹੋ ਜਾਵੇ। ਉਸ ਤੋਂ ਬਾਅਦ ਪਾਣੀ ਜ਼ੀਰਨ ਤੋਂ ਦੋ ਦਿਨ ਬਾਅਦ ਝੋਨੇ ਨੂੰ ਪਾਣੀ ਲਗਾਉਣਾ ਚਾਹੀਦਾ ਹੈ। ਪਰ ਇਸ ਗੱਲ ਦਾ ਧਿਆਨ ਵੀ ਰੱਖਣਾ ਹੈ ਕਿ ਖੇਤ ਵਿਚ ਤੇੜਾਂ ਨਾ ਪੈਣ। ਇਕ ਕਿਲੋ ਝੋਨੇ ਦੇ ਦਾਣੇ ਲੈਣ ਲਈ ਜਿੱਥੇ ਲਗਾਤਾਰ ਪਾਣੀ ਖੜਾ ਕਰਨ ਨਾਲ 3460 ਲੀਟਰ ਪਾਣੀ ਲਗਿਆ, ਉੱਥੇ ਸੁਕਾਅ ਕੇ ਪਾਣੀ ਲਾਉਣ ਨਾਲ 1200 ਲੀਟਰ ਪਾਣੀ ਘੱਟ ਲਗਿਆ ਅਤੇ 34 ਪ੍ਰਤੀਸ਼ਤ ਪਾਣੀ ਦੀ ਬੱਚਤ ਹੋਈ। ਕਿਸਾਨ ਵੀਰਾਂ ਦੇ ਖੇਤਾਂ ਵਿਚ ਇਹ ਆਮ ਦੇਖਣ ਵਿਚ ਆਇਆ ਹੈ ਕਿ ਜਿਸ ਸਾਲ ਮੀਂਹ ਜ਼ਿਆਦਾ ਪੈਣ ਉਸ ਸਾਲ ਝੋਨੇ ਦਾ ਝਾੜ ਘੱਟ ਜਾਂਦਾ ਹੈ। ਇਸ ਦਾ ਮੁੱਖ ਕਾਰਨ ਨਮੀਂ ਦੇ ਜ਼ਿਆਦਾ ਵਧਣ ਕਰਕੇ ਕੀੜੇ ਮਕੌੜੇ ਅਤੇ ਬਿਮਾਰੀਆਂ ਦਾ ਵੱਧ ਜਾਣਾ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਵਿਗਿਆਨੀਆਂ ਵਲੋਂ ਇਹ ਦਰਸਾਇਆ ਗਿਆ ਹੈ ਕਿ ਵਧੇਰੇ ਨਮੀ ਕਾਰਨ ਝੋਨੇ ਦੀ ਭੂਰੀ ਟਿੱਡੀ ਅਤੇ ਪੱਤਾ ਲਪੇਟ ਸੁੰਡੀ ਦਾ ਹਮਲਾ ਵੱਧ ਜਾਂਦਾ ਹੈ। ਇਸੇ ਤਰ੍ਹਾਂ ਝੋਨੇ ਦੀਆਂ ਬਿਮਾਰੀਆਂ ਜਿਵੇਂ ਕਿ ਤਣੇ ਦਾ ਝੁਲਸ ਰੋਗ ਅਤੇ ਝੂਠੀ ਕਾਂਗਿਆਰੀ ਖੜ੍ਹੇ ਪਾਣੀ ਨਾਲ ਵੱਧ ਵੇਖਣ ਵਿਚ ਮਿਲੀਆਂ। ਆਮ ਤੌਰ ਤੇ ਕਿਸਾਨ ਵੀਰ ਜਦੋਂ ਵੀ ਝੋਨੇ ਦੇ ਖੇਤ ਨੂੰ ਪਾਣੀ ਲਾਉਂਦੇ ਹਨ ਤਾਂ ਖੇਤ ਵਿਚ 4 ਇੰਚ ਜਾਂ ਇਸ ਤੋਂ ਵੱਧ ਪਾਣੀ ਖੜ੍ਹਾ ਰੱਖਣ ਦੀ ਕੋਸ਼ਿਸ਼ ਕਰਦੇ ਹਨ। ਜਿਸ ਨਾਲ ਪਾਣੀ ਜ਼ਮੀਨ ਵਿਚ ਤੇਜ਼ੀ ਨਾਲ ਜ਼ੀਰਦਾ ਹੈ ਅਤੇ ਝੋਨੇ ਦੀਆਂ ਜੜ੍ਹਾਂ ਦੇ ਖੇਤਰ ਤੋਂ ਹੇਠਾਂ ਚਲਾ ਜਾਂਦਾ ਹੈ। ਇਸ ਤਰ੍ਹਾਂ ਵਾਧੂ ਪਾਣੀ ਖੜ੍ਹਾ ਰੱਖਣ ਨਾਲ ਝੋਨੇ ਦੀ ਫਸਲ ਨੂੰ ਕੋਈ ਫਾਇਦਾ ਨਹੀਂ ਹੁੰਦਾ। ਇਸ ਲਈ ਕਿਸਾਨ ਵੀਰਾਂ ਨੂੰ ਬੇਨਤੀ ਹੈ ਕਿ ਉਹ ਜਦੋਂ ਵੀ ਝੋਨੇ ਨੂੰ ਪਾਣੀ ਲਾਉਣ ਤਾਂ ਖੇਤ ਵਿਚ 2 ਇੰਚ ਤੋਂ ਵੱਧ ਪਾਣੀ ਖੜ੍ਹਾ ਨਾ ਰੱਖਣ। ਪਾਣੀ ਦੀ ਵਧੇਰੇ ਬੱਚਤ ਲਈ, 15-20 ਸੈਂਟੀਮੀਟਰ ਡੂੰਘਾਈ ਤੇ ਲੱਗੇ ਟੈਂਸ਼ੀਓਮੀਟਰ ਵਿਚ ਪਾਣੀ ਦਾ ਪੱਧਰ ਹਰੀ ਪੱਟੀ ਤੋਂ ਪੀਲੀ ਪੱਟੀ ਵਿਚ ਦਾਖਲ ਹੋਣ ਤੇ (150 $\pm$ 20 ਸੈਂਟੀਮੀਟਰ



ਟੈਨਸ਼ਨ) ਹੀ ਪਾਣੀ ਲਗਾਉ। ਇਸ ਤਰ੍ਹਾਂ ਸਿੰਚਾਈ ਵਾਲੇ ਪਾਣੀ ਦੀ ਕਾਫੀ ਬੱਚਤ ਹੋ ਜਾਂਦੀ ਹੈ ਅਤੇ ਫਸਲ ਦੇ ਝਾੜ ਤੇ ਵੀ ਕੋਈ ਮਾੜਾ ਅਸਰ ਨਹੀਂ ਪੈਂਦਾ।

**ਝੋਨਾ ਵੱਢਣ ਤੋਂ 15 ਦਿਨ ਪਹਿਲਾਂ ਪਾਣੀ ਬੰਦ ਕਰਨਾ** : ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀ ਸਿਫਾਰਸ਼ ਅਨੁਸਾਰ ਝੋਨਾ 15 ਦਿਨ ਪਹਿਲਾਂ ਪਾਣੀ ਬੰਦ ਕਰ ਦੇਣਾ ਚਾਹੀਦਾ ਹੈ। ਇਸ ਨਾਲ ਇਕ ਤਾਂ ਫਸਲ ਦੀ ਕਟਾਈ ਸੌਖੀ ਹੋਵੇਗੀ ਅਤੇ ਦਾਣਿਆਂ ਵਿਚਲੀ ਨਮੀਂ ਘੱਟ ਹੋਣ ਕਰਕੇ ਚੰਗਾ ਮੰਡੀਕਰਨ ਹੋਵੇਗਾ ਅਤੇ ਨਾਲ ਹੀ ਝੋਨੇ ਪਿਛੋਂ ਬੀਜਣ ਵਾਲੀ ਹਾੜ੍ਹੀ ਦੀ ਫਸਲ ਵੀ ਸਮੇਂ ਸਿਰ ਬੀਜੀ ਜਾ ਸਕੇਗੀ।

**ਸਾਉਣੀ ਦੀਆਂ ਹੋਰ ਫਸਲਾਂ ਵਿਚ ਪਾਣੀ ਦੀ ਸੁਚੱਜੀ ਵਰਤੋਂ**

**ਨਰਮਾ** : ਵਰਖਾ ਦੇ ਆਧਾਰ ਤੇ ਨਰਮੇ ਦੀ ਫਸਲ ਨੂੰ ਕੁਲ 4 ਤੋਂ 6 ਪਾਣੀ ਚਾਹੀਦੇ ਹਨ। ਪਹਿਲਾ ਪਾਣੀ ਬਿਜਾਈ ਦੇ 4 ਤੋਂ 6 ਹਫਤੇ ਬਾਅਦ ਅਤੇ ਇਸ ਪਿਛੋਂ ਪਾਣੀ ਦੋ ਜਾਂ ਤਿੰਨ ਹਫਤਿਆਂ ਦੇ ਵਕਫੇ ਨਾਲ ਦਿਓ। ਹਲਕੀਆਂ ਜ਼ਮੀਨਾਂ ਜਾਂ ਵੱਟਾਂ ਉੱਪਰ ਬੀਜੀ ਫਸਲ ਨੂੰ ਲੋੜ ਪੈਣ ਤੇ ਪਾਣੀ ਪਹਿਲਾਂ ਵੀ ਦਿੱਤਾ ਜਾ ਸਕਦਾ ਹੈ। ਨਰਮੇਂ ਦੀ ਵੱਟਾਂ ਤੇ ਬਿਜਾਈ ਅਤੇ ਸਿੰਚਾਈ ਖੇਲਾਂ ਵਿਚ ਕਰਨ ਨਾਲ ਪਾਣੀ ਦੀ ਕਾਫੀ ਬੱਚਤ ਕੀਤੀ ਜਾ ਸਕਦੀ ਹੈ। ਜਿੱਥੇ ਧਰਤੀ ਹੇਠਲਾ ਪਾਣੀ ਮਾੜਾ ਹੈ ਉੱਥੇ ਨਹਿਰੀ ਪਾਣੀ ਨਾਲ ਭਰਵੀਂ ਰੌਣੀ ਕਰੋ ਅਤੇ ਬਾਅਦ ਵਿਚ ਟਿਊਬਵੈੱਲ ਦਾ ਪਾਣੀ ਇਕ ਖੇਤ ਛੱਡ ਕੇ ਲਗਾਇਆ ਜਾ ਸਕਦਾ ਹੈ। ਫਸਲ ਨੂੰ ਫੁੱਲ ਨਿਕਲਣ ਅਤੇ ਫਲ ਪੈਣ ਸਮੇਂ ਪਾਣੀ ਦੀ ਘਾਟ ਨਹੀਂ ਆਉਣ ਦੇਣੀ ਚਾਹੀਦੀ, ਨਹੀਂ ਤਾਂ ਬਹੁਤ ਸਾਰੇ ਫੁੱਲ ਅਤੇ ਟੀਂਡੇ ਝੜ ਜਾਣਗੇ ਅਤੇ ਉਪਜ ਬਹੁਤ ਘੱਟ ਮਿਲੇਗੀ। ਛੋਟੀ ਫਸਲ ਖੜ੍ਹਾ ਪਾਣੀ ਜ਼ਿਆਦਾ ਚਿਰ ਨਹੀਂ ਸਹਾਰ ਸਕਦੀ, ਇਸ ਲਈ ਅਜਿਹੀ ਹਾਲਤਾਂ ਵਿਚ ਭਾਰੀ ਮੀਂਹ ਪੈਣ ਤੋਂ ਬਾਅਦ ਪਾਣੀ ਦਾ ਨਿਕਾਸ ਛੇਤੀ ਕਰ ਦੇਣਾ ਚਾਹੀਦਾ ਹੈ। ਟੀਡਿਆਂ ਨੂੰ ਛੇਤੀ ਖਿੜਾਉਣ ਲਈ ਅਮਰੀਕਨ ਕਪਾਹ ਨੂੰ ਆਖਰੀ ਪਾਣੀ ਸਤੰਬਰ ਦੇ ਅਖੀਰ ਵਿਚ ਦਿਓ।

**ਸਾਉਣੀ ਦੀ ਮੱਕੀ** : ਫਸਲ ਨੂੰ ਕਿਸੇ ਸਮੇਂ ਵੀ ਪਾਣੀ ਦੀ ਘਾਟ ਨਹੀਂ ਆਉਣ ਦੇਣੀ ਚਾਹੀਦੀ ਖਾਸ ਕਰਕੇ ਮੱਕੀ ਦੇ ਨਿਸਰਣ ਅਤੇ ਸੂਤ ਕੱਤਣ ਸਮੇਂ। ਬਹਾਰ ਰੁੱਤ ਦੀ ਬੀਜੀ ਮੱਕੀ ਨੂੰ ਮੀਂਹ ਦੇਖਦੇ ਹੋਏ ਪਹਿਲਾ ਪਾਣੀ ਬਿਜਾਈ ਦੇ 25-30 ਦਿਨਾਂ ਬਾਅਦ ਲਾਓ। ਇਸ ਤੋਂ ਬਾਅਦ 10 ਅਪ੍ਰੈਲ ਤੱਕ ਦੋ ਹਫਤੇ ਦੇ ਵਕਫੇ ਤੇ ਅਤੇ ਫਸਲ ਪੱਕਣ ਤੱਕ ਇਕ ਹਫਤੇ ਦੇ ਵਕਫੇ ਤੇ ਪਾਣੀ ਲਾਉਂਦੇ ਰਹੋ। ਦਾਣੇ ਪੈਣ ਵੇਲੇ ਜ਼ਿਆਦਾ ਤਾਪਮਾਨ ਦੇ ਨੁਕਸਾਨ ਤੋਂ ਬਚਣ ਲਈ ਫਸਲ ਨੂੰ ਪਾਣੀ ਦਿੰਦੇ ਰਹਿਣਾ ਚਾਹੀਦਾ ਹੈ।

**ਕਮਾਦ** : ਗਰਮ ਅਤੇ ਖੁਸ਼ਕ ਮੌਸਮ ਹੋਣ ਕਰਕੇ ਅਪ੍ਰੈਲ ਤੋਂ ਜੂਨ ਵਾਲਾ ਸਮਾਂ ਕਮਾਦ ਦੇ ਵਾਧੇ ਲਈ ਬਹੁਤ ਨਾਜ਼ੁਕ ਸਮਾਂ ਹੈ। ਇਸ ਸਮੇਂ ਫਸਲ ਨੂੰ 7-12 ਦਿਨਾਂ ਦੇ ਵਕਫੇ ਅੰਦਰ ਲੋੜ ਮੁਤਾਬਕ ਪਾਣੀ ਦਿੰਦੇ ਰਹੋ। ਬਾਰਸ਼ਾਂ ਦੇ ਦਿਨਾਂ ਵਿਚ ਜੇਕਰ ਖੇਤ ਵਿਚ ਬਾਰਸ਼ਾਂ ਨਾਲ ਬਹੁਤਾ ਪਾਣੀ ਖੜ੍ਹਾ ਹੋ ਜਾਵੇ ਤਾਂ ਉਸ ਨੂੰ ਬਾਹਰ ਕੱਢ ਦਿਓ। ਸਰਦੀਆਂ ਵਿਚ (ਨਵੰਬਰ-ਜਨਵਰੀ) ਕਮਾਦ ਨੂੰ ਪਾਣੀ ਇਕ ਮਹੀਨੇ ਦੇ ਵਕਫੇ ਤੇ ਲਾਓ। ਫਸਲ ਨੂੰ ਕੋਰੇ ਤੋਂ ਬਚਾਉਣ ਲਈ ਇਕ ਪਾਣੀ ਦਸੰਬਰ ਦੇ ਅੱਧ ਵਿਚ ਅਤੇ ਇਕ ਹੋਰ ਪਾਣੀ ਜਨਵਰੀ ਦੇ ਪਹਿਲੇ ਹਫਤੇ ਲਾਓ।

**ਮੂੰਗਫਲੀ** : ਮੂੰਗਫਲੀ ਨੂੰ ਮੌਸਮੀ ਵਰਖਾ ਅਨੁਸਾਰ 2 ਜਾਂ 3 ਪਾਣੀ ਜ਼ਰੂਰੀ ਹਨ। ਜੇ ਵਰਖਾ ਲੋੜ ਮੁਤਾਬਿਕ ਨਾ ਹੋਵੇ ਤਾਂ ਪਹਿਲਾਂ ਪਾਣੀ ਫੁੱਲ ਪੈਣ ਸਮੇਂ ਲਾਉ। ਗੱਠੀਆਂ ਦੇ ਠੀਕ ਵਧਣ ਲਈ ਗੱਠੀਆਂ ਪੈਣ ਸਮੇਂ ਮੌਨਸੂਨ ਅਨੁਸਾਰ ਇਕ ਜਾਂ ਦੋ ਪਾਣੀ ਹੋਰ ਲਾਓ। ਆਸਾਨ ਪੁਟਾਈ ਲਈ ਪੁਟਾਈ ਤੋਂ ਕੁਝ ਦਿਨ ਪਹਿਲਾਂ ਇਕ ਪਾਣੀ ਲਾਉ।

**ਮੂੰਗੀ** : ਮੌਸਮ ਤੇ ਜ਼ਮੀਨ ਦੀ ਪਾਣੀ ਸੰਭਾਲਣ ਦੀ ਸਮਰੱਥਾ ਅਨੁਸਾਰ ਗਰਮ ਰੁੱਤ ਦੀ ਮੂੰਗੀ (ਮਾਰਚ ਵਿਚ ਬੀਜੀ) ਦੀ ਫਸਲ ਨੂੰ 3 ਤੋਂ 5 ਪਾਣੀ ਲਾਉ। ਪਹਿਲਾ ਪਾਣੀ ਬਿਜਾਈ ਤੋਂ 25 ਦਿਨਾਂ ਬਾਅਦ ਲਾਉ। ਆਖਰੀ ਸਿੰਚਾਈ ਬਿਜਾਈ ਤੋਂ ਤਕਰੀਬਨ 55 ਦਿਨਾਂ ਬਾਅਦ ਕਰੋ। ਇਸ ਨਾਲ ਝਾੜ ਵਧੇਗਾ ਅਤੇ ਫਲੀਆਂ ਇਕਸਾਰ ਪੱਕਣਗੀਆਂ।

## ਡਿਪਟੀ ਡਾਇਰੈਕਟਰ ਬਾਗਬਾਨੀ (ਰੀਟਾਇਰਡ) ਡਾ. ਸਵਰਨ ਸਿੰਘ ਮਾਨ ਦੇ ਪਿਤਾ ਜੀ ਨਹੀਂ ਰਹੇ



ਡਾ. ਸਵਰਨ ਸਿੰਘ ਮਾਨ ਡਿਪਟੀ ਡਾਇਰੈਕਟਰ ਬਾਗਬਾਨੀ (ਰੀਟਾਇਰਡ) ਦੇ ਪਿਤਾ ਜੀ ਸ੍ਰ. ਪ੍ਰੀਤਮ ਸਿੰਘ ਨਹੀਂ ਰਹੇ। ਉਨ੍ਹਾਂ ਦਾ ਜਨਮ 7 ਜੁਲਾਈ 1938 ਨੂੰ ਪਿੰਡ ਚੌਕੀਮਾਨ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਉਹ 1956 ਵਿਚ ਭਾਰਤੀ ਫੌਜ ਵਿਚ ਭਰਤੀ ਹੋ ਗਏ। ਉਨ੍ਹਾਂ ਨੇ ਆਪਣੀ ਬੇਦਾਗ ਸਰਵਿਸ ਦੌਰਾਨ 1962, 1965 ਅਤੇ 1971 ਦੀਆਂ ਲੜਾਈਆਂ ਲੜੀਆਂ। ਉਨ੍ਹਾਂ ਨੇ ਯੂਨੀਈਟਡ ਨੇਸ਼ਨਜ਼ ਐਮਰਜੈਂਸੀ ਫੋਰਸ ਮਿਸਰ ਦੇਸ਼ ਵਿਚ ਵੀ ਸੇਵਾ ਕੀਤੀ। ਉਨ੍ਹਾਂ ਦੇ 3 ਪੁੱਤਰ ਅਤੇ ਇਕ ਪੁੱਤਰੀ ਹਨ। ਇਕ ਬੇਟਾ 2011 ਵਿਚ 40 ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਿਆ ਸੀ। ਵੱਡਾ ਬੇਟਾ ਸ੍ਰ. ਚਰਨ ਸਿੰਘ ਵੀ ਭਾਰਤੀ ਫੌਜ ਵਿਚ ਲੈਫਟੀਨੈਂਟ ਰੀਟਾਇਰਡ ਹੋਏ ਹਨ। ਛੋਟਾ ਬੇਟਾ ਡਾ. ਸਵਰਨ ਸਿੰਘ ਮਾਨ ਡਿਪਟੀ ਡਾਇਰੈਕਟਰ ਬਾਗਬਾਨੀ ਪਟਿਆਲਾ ਤੋਂ ਸੇਵਾ ਮੁਕਤ ਹੋਏ ਹਨ। ਬੇਟੀ ਸਿਹਤ ਵਿਭਾਗ ਵਿਚ ਨਰਸਿੰਗ ਸੁਪਰਵਾਈਜ਼ਰ ਦਾ ਕੰਮ ਕਰ ਰਹੀ ਹੈ। ਸ੍ਰ. ਪ੍ਰੀਤਮ ਸਿੰਘ ਦੀ ਅੰਤਿਮ ਅਰਦਾਸ 4 ਜੂਨ, 2024 ਦਿਨ ਮੰਗਲਵਾਰ ਨੂੰ ਗੁਰਦਵਾਰਾ ਦਸ਼ਮੇਸ਼ ਨਗਰ, ਕੱਚਾ ਮਲਕ ਰੋਡ, ਜਗਰਾਉਂ, ਜ਼ਿਲ੍ਹਾ ਲੁਧਿਆਣਾ ਵਿਖੇ 12 ਤੋਂ 1 ਵਜੇ ਤੱਕ ਹੋਵੇਗੀ। ਸੰਬੰਧਿਤ ਵਿਅਕਤੀਆਂ ਨੂੰ ਹਾਜ਼ਰ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ।

# ਪਾਣੀ ਦੀ ਬੱਚਤ ਅਤੇ ਵਧੇਰੇ ਝਾੜ ਲਈ ਫਸਲਾਂ ਦੀ ਬਿਜਾਈ ਬੈੱਡਾਂ ਜਾਂ ਵੱਟਾਂ ਉੱਤੇ ਕਰੀਏ

ਵਿਵੇਕ ਕੁਮਾਰ, ਫਤਿਹਜੀਤ ਸਿੰਘ ਸੇਖੋਂ ਅਤੇ ਕਰਮਜੀਤ ਸ਼ਰਮਾ,
ਕ੍ਰਿਸ਼ੀ ਵਿਗਿਆਨ ਕੇਂਦਰ,
ਸ੍ਰੀ ਮੁਕਤਸਰ ਸਾਹਿਬ
(ਮੋ. 98556-03629)

ਪੰਜਾਬੀ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਬਹੁਤ ਸਾਰੀਆਂ ਤਕਨੀਕਾਂ ਕਿਸਾਨਾਂ ਨੂੰ ਦਿੱਤੀਆਂ ਗਈਆਂ ਹਨ ਜਿਹਨਾਂ ਨਾਲ ਪਾਣੀ ਦੀ ਬੱਚਤ ਕਰਨ ਦੀ ਮਦਦ ਮਿਲਦੀ ਹੈ। ਇਹਨਾਂ ਵਿੱਚੋਂ ਝੋਨੇ ਦੀ ਸਿੱਧੀ ਬਿਜਾਈ, ਲੇਜ਼ਰ ਕਰਾਹੇ ਦੀ ਵਰਤੋਂ, ਤੁਪਕਾ ਸਿੰਚਾਈ ਅਤੇ ਮਲਚਿੰਗ ਵਿਧੀ ਆਦਿ ਮੁੱਖ ਹਨ ਜਿਹਨਾ ਨੂੰ ਅਪਣਾ ਕੇ ਕਿਸਾਨ ਪਾਣੀ ਦੀ ਚੋਖੀ ਬੱਚਤ ਕਰ ਰਹੇ ਹਨ। ਇਹਨਾਂ ਤਰੀਕਿਆਂ ਤੋਂ ਇਲਾਵਾ, ਯੂਨੀਵਰਸਿਟੀ ਨੇ ਪਾਣੀ ਦੀ ਬੱਚਤ ਅਤੇ ਵਧੇਰੇ ਝਾੜ ਲੈਣ ਲਈ ਫਸਲਾਂ ਦੀ ਬੈੱਡਾਂ ਜਾਂ ਵੱਟਾਂ ਉੱਤੇ ਬਿਜਾਈ ਦਾ ਇਕ ਸੁਖਾਲਾ ਤਰੀਕਾ ਵੀ ਸਿਫਾਰਸ਼ ਕੀਤਾ ਹੋਇਆ ਹੈ। ਇਸ ਤਰੀਕੇ ਨੂੰ ਅਪਣਾਉਣ ਲਈ ਕੋਈ ਵੱਖਰਾ ਖਰਚ ਕਰਨ ਦੀ ਲੋੜ ਨਹੀਂ ਪੈਂਦੀ ਜਦ ਕਿ ਇਸ ਨਾਲ ਵਧੀਆ ਪੱਧਰ ਤੇ ਪਾਣੀ ਦੀ ਬੱਚਤ



ਕਰਦੇ ਹੋਏ ਵਧੇਰੇ ਝਾੜ ਵੀ ਲਿਆ ਜਾ ਸਕਦਾ ਹੈ। ਵੱਖ ਵੱਖ ਫਸਲਾਂ ਦੀ ਬੈੱਡਾਂ ਜਾਂ ਵੱਟਾਂ ਉੱਤੇ ਬਿਜਾਈ ਕਰਨ ਲਈ ਕਿਸਾਨ ਵੀਰਾਂ ਨੂੰ ਹੇਠ ਲਿਖੇ ਨੁਕਤਿਆਂ ਵੱਲ ਧਿਆਨ ਦੇਣਾ ਚਾਹੀਦਾ ਹੈ।

**ਬਿਨਾਂ ਕੱਦੂ ਕੀਤੇ ਵੱਟਾਂ ਜਾਂ ਬੈੱਡਾਂ ਤੇ ਝੋਨੇ ਦੀ ਲੁਆਈ** : ਭਾਰੀਆਂ ਜ਼ਮੀਨਾਂ ਵਿਚ ਪਾਣੀ ਦੀ ਬੱਚਤ ਲਈ ਝੋਨੇ ਦੀ ਲੁਆਈ ਵੱਟਾਂ ਜਾਂ ਬੈੱਡਾਂ ਦੇ ਕੀਤੀ ਜਾ ਸਕਦੀ ਹੈ। ਇਸ ਦੇ ਲਈ, ਖੇਤ ਨੂੰ ਤਿਆਰ ਕਰਕੇ ਬਿਜਾਈ ਸਮੇਂ ਪੈਣ ਵਾਲੀਆਂ ਖਾਦਾਂ ਦਾ ਛੱਟਾ ਦੇ ਕੇ ਰਿਜ਼ਰ ਨਾਲ ਵੱਟਾਂ ਜਾਂ ਕਣਕ ਲਈ ਵਰਤੇ ਜਾਂਦੇ ਬੈੱਡਪਲਾਂਟਰ ਨਾਲ ਬੈੱਡ ਤਿਆਰ ਕੀਤੇ ਜਾਂਦੇ ਹਨ। ਵੱਟਾਂ ਜਾਂ ਬੈੱਡਾਂ ਦੀਆਂ ਖਾਲੀਆਂ ਨੂੰ ਪਾਣੀ ਨਾਲ ਭਰਕੇ ਤੁਰੰਤ ਬਾਅਦ ਦੋਨਾਂ ਪਾਸੇ ਢਲਾਨਾਂ ਦੇ ਅੱਧ ਵਿਚਕਾਰ ਝੋਨੇ ਦੇ ਬੂਟੇ ਲਾਏ ਜਾਂਦੇ ਹਨ। ਵੱਟਾਂ 60 ਸੈਂਟੀਮੀਟਰ ਦੇ ਫਾਸਲੇ ਤੇ ਤਿਆਰ ਕਰਕੇ ਬੂਟੇ ਤੋਂ ਬੂਟੇ ਦਾ ਫਾਸਲਾ 10 ਸੈਂਟੀਮੀਟਰ ਰੱਖਣਾ ਚਾਹੀਦਾ ਹੈ ਜਾਂ ਬੈੱਡ 67.5 ਸੈਂਟੀਮੀਟਰ ਦੇ ਫਾਸਲੇ ਤੇ ਤਿਆਰ ਕਰਕੇ ਬੂਟੇ ਤੋਂ ਬੂਟੇ ਦਾ ਫਾਸਲਾ 9 ਸੈਂਟੀਮੀਟਰ ਰੱਖਣਾ ਚਾਹੀਦਾ ਹੈ। ਲੁਆਈ ਤੋਂ ਪੰਦਰਾਂ ਦਿਨਾਂ ਦੌਰਾਨ ਹਰ ਰੋਜ਼ ਪਾਣੀ ਦੇਣਾ ਲਾਜ਼ਮੀ ਹੈ। ਇਸ ਤੋਂ ਬਾਅਦ ਖਾਲੀਆਂ ਵਿਚ ਪਹਿਲੇ ਪਾਣੀ ਦੇ ਜ਼ੀਰਨ ਤੋਂ ਦੋ ਦਿਨ ਬਾਅਦ ਪਾਣੀ ਲਗਾਉਣਾ ਚਾਹੀਦਾ ਹੈ ਪਰ ਇਸ ਗਲ ਦਾ ਧਿਆਨ ਰੱਖਣਾ ਚਾਹੀਦਾ ਹੈ ਖਾਲੀਆਂ ਵਿਚ ਤਰੇੜਾਂ ਨਾ ਪੈਣ।

**ਬੈੱਡਾਂ ਤੇ ਝੋਨੇ ਦੀ ਸਿੱਧੀ ਬਿਜਾਈ** : ਸਾਲ 2022 ਵਿਚ ਸਿੱਧੀ ਬਿਜਾਈ ਦੀ ਇਕ ਨਵੀਂ ਤਕਨੀਕ ''ਤਰ ਵੱਤਰ ਖੇਤ ਵਿਚ ਬੈੱਡਾਂ ਉੱਪਰ ਝੋਨੇ ਦੀ ਸਿੱਧੀ ਬਿਜਾਈ'' ਦੀ ਸਿਫਾਰਿਸ਼ ਕੀਤੀ ਗਈ ਹੈ। ਇਹ ਤਕਨੀਕ ਪੱਧਰੇ ਵਾਹਨ ਵਿਚ ਬੀਜੇ ਗਏ ਤਰ-ਵੱਤਰ ਬਿਜਾਈ ਵਾਲੇ ਝੋਨੇ ਨਾਲੋਂ ਸਿੰਚਾਈ ਵਿਚ 8 ਪ੍ਰਤੀਸ਼ਤ ਦੇ ਕਰੀਬ ਪਾਣੀ ਦੀ ਬੱਚਤ ਕਰਦੀ ਹੈ। ਸਿੱਧੀ ਬਿਜਾਈ ਦੀ ਇਸ ਵਿਧੀ ਵਿਚ ਖੇਤ ਨੂੰ ਲੇਜ਼ਰ ਲੈਵਲ ਕਰਨ ਤੋਂ ਬਾਅਦ ਬੈੱਡ ਪਲਾਂਟਰ ਦੇ ਨਾਲ 67.5 ਸੈਂਟੀਮੀਟਰ ਚੌੜਾਈ ਵਾਲੇ ਕੱਚੇ ਬੈੱਡ (37.5 ਸੈਂਟੀਮੀਟਰ ਚੌੜੇ ਬੈੱਡ ਅਤੇ 30 ਸੈਂਟੀਮੀਟਰ ਚੌੜੀ ਖਾਲੀ) ਬਣਾ ਕੇ ਖਾਲੀਆਂ ਵਿਚ ਰੌਣੀ ਲਾਈ ਜਾਂਦੀ ਹੈ। ਕੱਚੇ ਬੈੱਡ ਬਣਾਉਣ ਲਈ ਉਹ ਬੈੱਡ ਪਲਾਂਟਰ, ਜਿਸ ਨਾਲ ਬਾਅਦ ਵਿਚ ਬਿਜਾਈ ਕਰਨੀ ਹੈ, ਦੀ ਵਰਤੋਂ ਨੂੰ ਤਰਜੀਹ ਦੇਣੀ ਚਾਹੀਦੀ ਹੈ। ਖੇਤ ਦੇ ਤਰ-ਵੱਤਰ ਹਾਲਤ ਵਿੱਚ ਆ ਜਾਣ ਤੇ ਬੈੱਡ ਪਲਾਂਟਰ (ਜਿਸ ਦੇ ਨਾਲ ਦਾਬ ਪਾਉਣ ਲਈ ਬੈੱਡ ਕੰਪੈਕਟਰ ਲੱਗਿਆ ਹੋਵੇ) ਜੋ ਕਿ ਬੈੱਡ ਬਣਾਉਣ ਅਤੇ ਬਿਜਾਈ ਨਾਲੋ -ਨਾਲ ਕਰਦਾ ਹੈ, ਨਾਲ 2 ਲਾਈਨਾਂ ਪ੍ਰਤੀ ਬੈੱਡ ਦੇ ਹਿਸਾਬ ਨਾਲ ਬਿਜਾਈ ਕਰ ਦੇਣੀ ਚਾਹੀਦੀ ਹੈ ਅਤੇ ਤੁਰੰਤ ਬਾਅਦ ਨਦੀਨਨਾਸ਼ਕ ਦਾ ਸਪਰੇ ਕਰ ਦੇਣਾ ਚਾਹੀਦਾ ਹੈ। ਜ਼ਿਆਦਾ ਚੰਗੇ ਨਤੀਜਿਆਂ ਲਈ ਇਸ ਗੱਲ ਦਾ ਧਿਆਨ ਰੱਖਣਾ ਜ਼ਰੂਰੀ ਹੈ। ਬਿਜਾਈ ਦੁਪਹਿਰ ਸਮੇਂ ਨਾ ਕੀਤੀ ਜਾਵੇ।

**ਮੱਕੀ ਦੀ ਬੈੱਡਾਂ ਜਾਂ ਵੱਟਾਂ ਦੀ ਬਿਜਾਈ** : ਬੈੱਡ ਜਾਂ ਵੱਟਾਂ ਤੇ ਬਿਜਾਈ ਨਾਲ ਮੱਕੀ ਦੇ ਉੱਗਣ ਸਮੇਂ ਜ਼ਿਆਦਾ ਬਾਰਿਸ਼ ਨਾਲ ਖੜ੍ਹੇ ਪਾਣੀ ਦੇ ਨੁਕਸਾਨ ਤੋਂ ਬੱਚਤ ਹੋ ਜਾਂਦੀ ਹੈ। ਮੱਕੀ ਦੀ ਬਿਜਾਈ 67.5 ਸੈਂਟੀਮੀਟਰ ਬੈੱਡ ਦੇ ਵਿਚਕਾਰ 3-5 ਸੈਂਟੀਮੀਟਰ ਡੂੰਘਾਈ ਤੋਂ ਬੂਟੇ ਤੋਂ ਬੂਟੇ ਦਾ ਫਾਸਲਾ 18 ਸੈਂਟੀਮੀਟਰ ਰੱਖ ਕੇ ਕਰਨੀ ਚਾਹੀਦੀ ਹੈ। ਜੇਕਰ ਬਿਜਾਈ ਵੱਟਾਂ ਤੇ ਕਰਨੀ ਹੋਵੇ ਤਾਂ 60 ਸੈਂਟੀਮੀਟਰ ਦੀ ਵਿੱਥ ਤੇ ਵੱਟਾਂ ਦੇ ਪਾਸੇ ਤੇ 6-7 ਸੈਂਟੀਮੀਟਰ ਦੀ ਉਚਾਈ ਤੇ ਬੂਟੇ ਤੋਂ ਬੂਟੇ ਦਾ ਫਾਸਲਾ 20 ਸੈਂਟੀਮੀਟਰ ਰੱਖਦੇ ਹੋਏ ਬਿਜਾਈ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਬੈੱਡ ਬਨਾਉਣ ਲਈ ਕਣਕ ਵਾਲੇ ਬੈੱਡ ਪਲਾਂਟਰ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ, ਮੱਕੀ ਬਿਜਾਈ ਟਰੈਕਟਰ ਚਲਿਤ ਨਿਊਮੈਟਿਕ ਪਲਾਂਟਰ (ਬੈੱਡ ਬਣਾਉਣ ਦੀ ਸਹੂਲਤ ਦੇ ਨਾਲ) ਨਾਲ ਚਾਰ ਕਤਾਰਾਂ ਵਿਚ ਕੀਤੀ ਜਾ ਸਕਦੀ ਹੈ। ਇਸ ਲਈ 9-10 ਕਿਲੋਮੀਟਰ ਪ੍ਰਤੀ ਏਕੜ ਬੀਜ ਦੀ ਵਰਤੋਂ ਕਰਕੇ 55-56 ਮਿਲੀਮੀਟਰ ਦੀ ਡੂੰਘਾਈ ਤੇ ਬਿਜਾਈ ਕੀਤੀ ਜਾਂਦੀ ਹੈ।

**ਵੱਟਾਂ ਉੱਪਰ ਨਰਮਾ ਬੀਜਣ ਵਾਲੀ ਮਸ਼ੀਨ ਨਾਲ ਬਿਜਾਈ** : ਨਰਮੇ ਦੀ ਕਾਸ਼ਤ ਦੌਰਾਨ ਪਾਣੀ ਦੀ ਵਧੀਆ ਬੱਚਤ ਲਈ ਨਰਮਾ ਬੀਜਣ ਵਾਲੀ ਮਸ਼ੀਨ ਨਾਲ ਵੱਟਾਂ ਉੱਪਰ ਬਿਜਾਈ ਕਰਨ ਅਤੇ ਖੇਲਾਂ ਰਾਹੀਂ ਪਾਣੀ ਲਗਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਪੱਧਰੀ ਬਿਜਾਈ ਵਿਚ ਪਹਿਲਾ ਪਾਣੀ ਬਿਜਾਈ ਤੋਂ 4 ਤੋਂ 6 ਹਫਤੇ ਬਾਅਦ ਦਿੱਤਾ ਜਾਂਦਾ ਹੈ ਜਦਕਿ ਵੱਟਾਂ ਉੱਪਰ ਬੀਜੀ ਫਸਲ ਨੂੰ ਲੋੜ ਪੈਣ ਤੇ ਪਾਣੀ ਪਹਿਲਾਂ ਵੀ ਦਿੱਤਾ ਜਾ ਸਕਦਾ ਹੈ। ਨਰਮੇਂ ਦੀ ਵੱਟਾ ਤੇ ਬਿਜਾਈ ਨਾਲ ਅਤੇ ਸਿੰਚਾਈ ਖੇਲਾਂ ਵਿਚ ਕਰਨ ਨਾਲ ਪਾਣੀ ਦੀ ਕਾਫੀ ਬੱਚਤ ਹੁੰਦੀ ਹੈ ਅਤੇ ਝਾੜ ਤੇ ਵੀ ਕੋਈ ਬੁਰਾ ਅਸਰ ਨਹੀਂ ਪੈਂਦਾ।

**ਮੂੰਗੀ/ਅਰਹਰ/ਸੋਇਆਬੀਨ ਦੀ ਬੈੱਡਾਂ ਤੇ ਬਿਜਾਈ** : ਮੂੰਗੀ, ਅਰਹਰ, ਸੋਇਆਬੀਨ ਦੀ ਬਿਜਾਈ ਬੈੱਡਾਂ ਉੱਤੇ ਸਫਲਤਾ ਪੂਰਵਕ ਕੀਤੀ ਜਾ ਸਕਦੀ ਹੈ। ਦਰਮਿਆਨੀਆਂ ਅਤੇ ਭਾਰੀਆਂ ਜ਼ਮੀਨਾਂ ਉੱਤੇ ਇਹਨਾਂ ਫਸਲਾਂ ਦੀ ਬਿਜਾਈ ਕਣਕ ਲਈ ਵਰਤੇ ਜਾਂਦੇ ਬੈੱਡ ਪਲਾਂਟਰ ਨਾਲ 67.5 ਸੈਂਟੀਮੀਟਰ ਵਿੱਥ ਤੇ ਤਿਆਰ ਕੀਤੇ ਬੈੱਡਾਂ (37.5 ਸੈਂਟੀਮੀਟਰ ਬੈੱਡ ਅਤੇ 30 ਸੈਂਟੀਮੀਟਰ ਖਾਲੀ) ਉੱਤੇ ਕਰਨੀ ਚਾਹੀਦੀ ਹੈ। ਮੂੰਗੀ ਅਤੇ ਸੋਇਆਬੀਨ ਦੀਆਂ ਦੋ ਕਤਾਰਾਂ ਪ੍ਰਤੀ ਬੈੱਡ ਅਤੇ ਅਰਹਰ ਦੀ ਇਕ ਕਤਾਰ ਪ੍ਰਤੀ ਬੈੱਡ ਬੀਜਣੀਆਂ ਚਾਹੀਦੀਆਂ ਹਨ। ਬੀਜ, ਖਾਦ ਦੀ ਮਾਤਰਾ ਅਤੇ ਬਾਕੀ ਕਾਸ਼ਤਕਾਰੀ ਢੰਗ ਉਹੀ ਵਰਤਣੇ ਹਨ ਜੋ ਕਿ ਪੱਧਰੀ (ਆਮ) ਬਿਜਾਈ ਲਈ ਸਿਫਾਰਸ਼ ਕੀਤੇ ਗਏ ਹਨ। ਬੈੱਡ ਉੱਤੇ ਬਿਜਾਈ ਕਰਨ ਨਾਲ ਪਾਣੀ ਦੀ ਬੱਚਤ ਹੁੰਦੀ ਹੈ ਅਤੇ ਭਾਰੇ ਮੀਂਹ ਤੋਂ ਹੋਣ ਵਾਲੇ ਨੁਕਸਾਨ ਤੋਂ ਵੀ ਫਸਲ ਬਚਦੀ ਹੈ। ਇਸੇ ਤਰ੍ਹਾਂ, ਗਰਮ ਰੁੱਤ ਦੀ ਮੂੰਗੀ ਦੀ ਬਿਜਾਈ ਵੀ ਬੈੱਡਾਂ ਤੇ ਕੀਤੀ ਜਾ ਸਕਦੀ ਹੈ। ਸਿੰਚਾਈ ਖਾਲੀਆਂ ਦੁਆਰਾ ਹੀ ਕਰਨੀ ਚਾਹੀਦੀ ਹੈ। ਤਾਂ ਜੋ ਪਾਣੀ ਬੈੱਡ ਉੱਪਰੋਂ ਦੀ ਨਾ



ਵਗੇ। ਅਜਿਹਾ ਕਰਨ ਨਾਲ ਫਸਲ ਨੂੰ ਖਾਸ ਕਰਕੇ ਉੱਗਣ ਸਮੇਂ ਨਾ ਸਿਰਫ ਮੀਂਹ ਦੇ ਨੁਕਸਾਨ ਤੋਂ ਹੀ ਬਚਾਇਆ ਜਾ ਸਕਦਾ ਹੈ ਸਗੋਂ ਪੱਧਰੀ ਬਿਜਾਈ ਦੇ ਮੁਕਾਬਲੇ ਜ਼ਿਆਦਾ ਝਾੜ ਪ੍ਰਾਪਤ ਹੁੰਦਾ ਹੈ ਅਤੇ 20-30 ਪ੍ਰਤੀਸ਼ਤ ਪਾਣੀ ਦੀ ਬੱਚਤ ਵੀ ਹੁੰਦੀ ਹੈ।

**ਪੁਦੀਨੇ (ਮੈਂਥੇ) ਦੀ ਬੈੱਡਾਂ ਜਾਂ ਵੱਟਾਂ ਤੇ ਬਿਜਾਈ** : ਪੰਜਾਬ ਵਿਚ ਮੈਂਥੇ ਦੀ ਕਾਸ਼ਤ ਬਹਾਰ ਰੁੱਤ ਵਿਚ ਮੁੱਖ ਤੌਰ ਤੇ ਆਲੂ ਅਧਾਰਿਤ ਫਸਲੀ ਚੱਕਰਾਂ ਵਿਚ ਕੀਤੀ ਜਾਂਦੀ ਹੈ। ਇਸ ਰੁੱਤ (ਮਾਰਚ ਤੋਂ ਮਈ) ਦੌਰਾਨ ਗਰਮੀ ਜ਼ਿਆਦਾ ਅਤੇ ਘੱਟ ਬਾਰਿਸ਼ਾਂ ਹੋਣ ਕਰਕੇ ਪਾਣੀ ਦੀ ਬੱਚਤ ਦੀ ਮਹੱਤਤਾ ਬਹੁਤ ਵਧ ਜਾਂਦੀ ਹੈ। ਮੈਂਥੇ ਤੋਂ ਵਧੇਰੇ ਹਰੇ ਮਾਦੇ ਲਈ ਅਤੇ ਪਾਣੀ ਦੀ ਬੱਚਤ ਕਰਨ ਲਈ ਜੜ੍ਹਾਂ ਨੂੰ 67.5 ਸੈਂਟੀਮੀਟਰ ਚੌੜੇ ਬੈੱਡਾਂ ਉੱਤੇ 2 ਲਾਈਨਾਂ ਵਿਚ ਬੀਜਣਾ ਚਾਹੀਦਾ ਹੈ ਜਾਂ ਜੜ੍ਹਾਂ ਨੂੰ ਖਿਲਾਰ ਕੇ 60 ਸੈਂਟੀਮੀਟਰ ਚੌੜੀਆਂ ਵੱਟਾਂ ਬਣਾਉਣੀਆਂ ਚਾਹੀਦੀਆਂ ਹਨ। ਬਿਜਾਈ ਤੋਂ ਬਾਅਦ ਝੋਨੇ ਦੀ ਪਰਾਲੀ 24 ਕੁਇੰਟਲ ਪ੍ਰਤੀ ਏਕੜ ਦੇ ਹਿਸਾਬ ਨਾਲ ਖੇਤ ਵਿਚ ਖਿਲਾਰਣੀ ਲਾਹੇਵੰਦ ਰਹਿੰਦੀ ਹੈ। ਬਿਜਾਈ ਪਿੱਛੋਂ ਹਲਕਾ ਜਿਹਾ ਪਾਣੀ ਦੇਣਾ ਚਾਹੀਦਾ ਹੈ। ਪੁੰਗਰੀਆਂ ਹੋਈਆਂ ਜੜ੍ਹਾਂ ਬੀਜਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਕਿਉਂਕਿ ਇਨ੍ਹਾਂ ਵਿਚੋਂ ਬਹੁਤੀਆਂ ਮਰ ਜਾਂਦੀਆਂ ਹਨ।

ਇਹਨਾਂ ਢੰਗ ਤਰੀਕਿਆਂ ਨੂੰ ਅਪਣਾ ਕੇ ਕਿਸਾਨ ਵੀਰ ਬਿਨਾਂ ਫਸਲਾਂ ਦੇ ਝਾੜ ਵਿਚ ਕਟੌਤੀ ਕੀਤਿਆਂ ਪਾਣੀ ਦੀ ਸੰਭਾਲ ਵਿਚ ਆਪਣਾ ਅਹਿਮ ਯੋਗਦਾਨ ਪਾ ਸਕਦੇ ਹਨ।



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

## KHETI DUNIYAN

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 42 ਅੰਕ 22
ਮਿਤੀ 01-06-2024

**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ

**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ



### ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher JAGPREET SINGH
Printed at Vargenia Printers, Sher-e-Punjab
Market, Gaushala Road, PATIALA &
Published at Patiala for Prop. JAGPREET SINGH


# ਝੋਨੇ ਅਤੇ ਬਾਸਮਤੀ ਦੀ ਮੈਟ ਟਾਈਪ ਪਨੀਰੀ ਤਿਆਰ ਕਿਵੇਂ ਕਰੀਏ?

ਪੰਜਾਬ ਸੂਬੇ 'ਚ ਝੋਨਾ ਸਾਉਣੀ ਰੁੱਤ ਦੀ ਮੁੱਖ ਫਸਲ ਹੈ। ਇਸ ਦੀ ਕਾਸ਼ਤ ਤਕਰੀਬਨ 30 ਲੱਖ ਹੈਕਟੇਅਰ ਤੋਂ ਵੱਧ ਰਕਬੇ 'ਤੇ ਕੀਤੀ ਜਾਂਦੀ ਹੈ ਅਤੇ ਆਮ ਕਰਕੇ ਝੋਨੇ ਦੀ ਲੁਆਈ ਲੇਬਰ ਨਾਲ ਹੱਥੀਂ ਹੁੰਦੀ ਹੈ। ਪਨੀਰੀ ਦੀ ਪੁਟਾਈ ਅਤੇ ਖੇਤ 'ਚ ਲੁਆਈ ਲਈ ਜ਼ਿਆਦਾ ਸਮਾਂ ਅਤੇ ਲੇਬਰ ਦੀ ਜ਼ਰੂਰਤ ਹੁੰਦੀ ਹੈ, ਜਿਸ ਨਾਲ ਇਸ ਦੀ ਕਾਸ਼ਤ 'ਤੇ ਖਰਚਾ ਵਧ ਜਾਂਦਾ ਹੈ। ਇਸ ਤੋਂ ਇਲਾਵਾ ਝੋਨੇ ਦੀ ਆਮ ਹੱਥੀਂ ਲੁਆਈ ਨਾਲ ਸਿਫਾਰਸ਼ ਨਾਲੋਂ ਬੂਟਿਆਂ ਦੀ ਘੱਟ ਗਿਣਤੀ (33 ਬੂਟੇ ਪ੍ਰਤੀ ਵਰਗ ਮੀਟਰ) ਅਤੇ ਝੋਨੇ ਦੇ ਸੀਜ਼ਨ ਦੌਰਾਨ ਲੇਬਰ ਦੀ ਘਾਟ ਕਾਰਨ ਦੇਰੀ ਨਾਲ ਲੁਆਈ ਵੀ ਝਾੜ 'ਤੇ ਬੁਰਾ ਅਸਰ ਪਾਉਂਦੀ ਹੈ। ਇਨ੍ਹਾਂ ਸਭ ਸਮੱਸਿਆਵਾਂ ਦੇ ਹੱਲ ਲਈ ਝੋਨੇ ਦੀ ਮਸ਼ੀਨ ਨਾਲ ਲੁਆਈ ਇਕ ਵਧੀਆ ਵਿਕਲਪ ਹੈ। ਝੋਨੇ ਅਤੇ ਬਾਸਮਤੀ ਦੀ ਲੁਆਈ ਲਈ ਕਈ ਤਰ੍ਹਾਂ ਦੀਆਂ ਮਸ਼ੀਨਾਂ ਉਪਲੱਬਧ ਹਨ। ਮਸ਼ੀਨ ਨਾਲ ਜਿੱਥੇ ਝੋਨੇ ਦੀ ਲੁਆਈ 'ਤੇ ਖਰਚਾ ਘਟਦਾ ਹੈ, ਉੱਥੇ ਸਮੇਂ ਸਿਰ ਬਿਜਾਈ ਹੋਣ ਨਾਲ ਝਾੜ ਵੀ ਵਧਦਾ ਹੈ। ਇਨ੍ਹਾਂ ਮਸ਼ੀਨਾਂ 'ਚ ਬੂਟੇ ਦੇ ਫਾਸਲੇ, ਇਕ ਥਾਂ 'ਤੇ ਬੂਟਿਆਂ ਦੀ ਗਿਣਤੀ ਅਤੇ ਬੂਟੇ ਲਾਉਣ ਦੀ ਡੂੰਘਾਈ 'ਚ ਤਬਦੀਲੀ ਕਰ ਸਕਣ ਦੀ ਵਿਵਸਥਾ ਹੁੰਦੀ ਹੈ। ਮਸ਼ੀਨ ਨਾਲ ਲੁਆਈ ਲਈ ਆਮ ਪਨੀਰੀ ਦੀ ਵਰਤੋਂ ਨਹੀਂ ਕਰ ਸਕਦੇ ਸਗੋਂ ਇਕ ਵਿਸ਼ੇਸ਼ ਪ੍ਰਕਾਰ ਦੀ ਪਨੀਰੀ ਦੀ ਲੋੜ ਹੁੰਦੀ ਹੈ, ਜਿਸ ਨੂੰ 'ਮੈਟ ਟਾਈਪ ਪਨੀਰੀ' ਕਹਿੰਦੇ ਹਨ। ਕਿਸਾਨ ਵੀਰ 'ਮੈਟ ਟਾਈਪ ਪਨੀਰੀ' ਤਿਆਰ ਕਰਨਾ ਇਕ ਔਖਾ ਕੰਮ ਮੰਨਦੇ ਹਨ ਪਰ ਝੋਨੇ ਅਤੇ ਬਾਸਮਤੀ ਦੀ ਮਸ਼ੀਨ ਨਾਲ ਲੁਆਈ ਲਈ 'ਮੈਟ ਟਾਈਪ ਪਨੀਰੀ' ਤਿਆਰ ਕਰਨਾ ਬਹੁਤ ਸੁਖਾਲਾ ਹੈ ਜੇਕਰ ਕੁਝ ਜ਼ਰੂਰੀ ਨੁਕਤੇ ਧਿਆਨ 'ਚ ਰੱਖੇ ਜਾਣ।




ਜਗਰੂਪ ਕੌਰ, ਸੁਰਜੀਤ ਸਿੰਘ ਮਿਨਹਾਸ ਅਤੇ ਜਸਜੀਤ ਸਿੰਘ ਕੰਗ,
ਫਸਲ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ


**'ਮੈਟ ਟਾਈਪ ਪਨੀਰੀ' ਲਈ ਸਹੀ ਜਗ੍ਹਾ ਦੀ ਚੋਣ** : 'ਮੈਟ ਟਾਈਪ ਪਨੀਰੀ' ਬੀਜਣ ਲਈ ਇਸ ਤਰ੍ਹਾਂ ਦੀ ਉਪਜਾਊ ਜ਼ਮੀਨ ਹੋਣੀ ਚਾਹੀਦੀ ਹੈ, ਜਿੱਥੇ ਪਾਣੀ ਦਾ ਪੱਕਾ ਪ੍ਰਬੰਧ ਹੋਵੇ ਅਤੇ ਝੋਨਾ ਲੱਗਣ ਵਾਲੇ ਖੇਤਾਂ ਦੇ ਨੇੜੇ ਹੋਵੇ। ਪਨੀਰੀ ਵਾਲੇ ਖੇਤ ਵਿਚ ਪੱਥਰ ਜਾਂ ਕੋਈ ਹੋਰ ਸਖਤ ਚੀਜ਼ ਨਹੀਂ ਹੋਣੀ ਚਾਹੀਦੀ ਅਤੇ ਇਹ ਟਿਊਬਵੈੱਲ ਅਤੇ ਦਰੱਖਤਾਂ ਤੋਂ ਘੱਟ-ਘੱਟ 20 ਮੀਟਰ ਦੀ ਦੂਰੀ 'ਤੇ ਹੋਵੇ।



**'ਮੈਟ ਟਾਈਪ ਪਨੀਰੀ' ਦੀ ਬਿਜਾਈ ਦਾ ਢੰਗ** : ਖੇਤ ਨੂੰ ਵੱਤਰ ਆਉਣ 'ਤੇ ਵਾਹ ਕੇ ਸੁਹਾਗਾ ਮਾਰ ਕੇ ਚੰਗੀ ਤਰ੍ਹਾਂ ਪੱਧਰਾ ਕਰ ਲਵੋ। ਫਿਰ 90-100 ਸੈਂਟੀਮੀਟਰ ਚੌੜੀ 1-2 ਮਿਲੀਮੀਟਰ ਸਾਈਜ਼ ਦੇ ਸੁਰਾਖਾਂ ਵਾਲੀ ਪਲਾਸਟਿਕ ਦੀ ਸ਼ੀਟ (50-60 ਗੇਜ਼) ਵਿਛਾ ਕੇ ਇਸ ਉੱਤੇ ਇਕ ਜਾਂ ਵੱਧ ਫਰੇਮ ਰੱਖ ਦਿਉ। ਇਸ ਤੋਂ ਬਾਅਦ ਫਰੇਮ ਦੇ ਦੋਨੋਂ ਪਾਸਿਆਂ ਤੋਂ ਇਕਸਾਰ ਮਿੱਟੀ ਚੁੱਕ ਕੇ ਫਰੇਮ ਦੇ ਖਾਨਿਆਂ ਵਿਚ ਪਾਓ ਅਤੇ ਪੱਧਰਾ ਕਰ ਦਿਓ। ਖਾਨਿਆਂ ਵਿਚ ਭਰਨ ਲਈ ਮਿੱਟੀ ਨੂੰ ਅਸੀਂ ਛਾਣ ਕੇ ਚੌਥਾਈ ਰੂੜੀ ਮਿਲਾ ਕੇ ਤਿਆਰ ਵੀ ਕਰ ਸਕਦੇ ਹਾਂ। ਫਰੇਮ ਦੇ ਹਰੇਕ ਖਾਨੇ ਵਿਚ 50-60 ਗ੍ਰਾਮ ਸੋਧਿਆ ਹੋਇਆ ਪੁੰਗਰਿਆ ਬੀਜ ਇਕਸਾਰ ਖਿਲਾਰ ਦਿਉ ਤਾਂ ਜੋ ਮੈਟ 'ਚ 2 ਤੋਂ 3 ਬੀਜ ਪ੍ਰਤੀ ਵਰਗ ਸੈਂਟੀਮੀਟਰ ਆ ਜਾਣ। ਬੀਜ ਖਿਲਾਰਨ ਲਈ ਹੱਥ ਜਾਂ ਟਰੈਕਟਰ ਨਾਲ ਚੱਲਣ ਵਾਲੇ ਰੋਲਰ/ਡਰੱਮ ਸੀਡਰ ਵੀ ਵਰਤੋਂ ਵੀ ਕਰ ਸਕਦੇ ਹਾਂ। ਟਰੈਕਟਰ ਨਾਲ ਚੱਲਣ ਵਾਲਾ ਮੈਟ ਟਾਈਪ ਨਰਸਰੀ ਸੀਡਰ 1 ਮੀਟਰ ਚੌੜੀ 50-60 ਗੇਜ਼ ਵਾਲੀ ਪਲਾਸਟਿਕ ਸ਼ੀਟ 1 ਮੀਟਰ ਚੌੜੇ ਬੈੱਡ ਉੱਤੇ ਵਿਛਾ ਕੇ ਨਾਲੋਂ ਨਾਲ ਉਸ ਉੱਤੇ 1 ਇੰਚ ਮੋਟੀ ਮਿੱਟੀ ਦੀ ਪਰਤ ਪਾਉਣ ਉਪਰੰਤ ਬੀਜ ਵੀ ਇਕਸਾਰ ਖਿਲਾਰਦਾ ਹੈ। ਫਿਰ ਬੀਜ ਨੂੰ ਮਿੱਟੀ ਦੀ ਪਤਲੀ ਤਹਿ ਨਾਲ ਢੱਕ ਦਿਉ ਅਤੇ ਫੁਹਾਰੇ ਨਾਲ ਹੌਲੀ-ਹੌਲੀ ਪਾਣੀ ਛਿੜਕ ਦਿਓ ਤਾਂ ਜੋ ਮਿੱਟੀ ਜੰਮ ਜਾਵੇ। ਇਸ ਤੋਂ ਬਾਅਦ ਫਰੇਮ ਨੂੰ ਧਿਆਨ ਨਾਲ ਚੁੱਕ ਲਵੋ ਅਤੇ ਹੋਰ ਪਨੀਰੀ ਬੀਜਣ ਵਾਸਤੇ ਫਰੇਮ ਨੂੰ ਅਗਲੀ ਜਗ੍ਹਾ 'ਤੇ ਰੱਖੋ। ਇਕ ਏਕੜ ਦੀ ਪਨੀਰੀ ਬੀਜਣ ਵਾਸਤੇ 15 ਮੀਟਰ ਲੰਬੀ ਪਲਾਸਟਿਕ ਸ਼ੀਟ ਦੀ ਜ਼ਰੂਰਤ ਹੁੰਦੀ ਹੈ, ਜਿਸ ਦਾ ਭਾਰ ਤਕਰੀਬਨ 270 ਗ੍ਰਾਮ ਹੁੰਦਾ ਹੈ। ਇਹ ਸਾਰੀ ਵਿਧੀ ਦੁਹਰਾਉਂਦੇ ਹੋਏ ਜ਼ਰੂਰਤ ਅਨੁਸਾਰ ਪਨੀਰੀ ਬੀਜ ਲਵੋ। 'ਮੈਟ ਟਾਈਪ ਪਨੀਰੀ' ਪਲਾਸਟਿਕ ਸ਼ੀਟ ਅਤੇ ਫਰੇਮ ਦੀ ਜਗ੍ਹਾ 'ਤੇ ਟਰੇਆਂ ਵਿਚ ਵੀ ਉਗਾਈ ਜਾ ਸਕਦੀ ਹੈ। ਪਨੀਰੀ ਦੀ ਬੀਜਾਈ ਤੋਂ ਬਾਅਦ ਖੇਤ ਨੂੰ ਬਹੁਤ ਧਿਆਨ ਨਾਲ ਹਲਕਾ ਪਾਣੀ ਦਿਉ। ਪਹਿਲੇ 2-3 ਪਾਣੀ ਲਾਉਣ ਵੇਲੇ ਖਾਸ ਖਿਆਲ ਰੱਖੋ ਤਾਂ ਜੋ ਪਾਣੀ ਦੇ ਤੇਜ਼ ਵਹਾਅ ਨਾਲ ਨਵੇਂ ਬਣੇ ਮੈਟ ਖਰਾਬ ਨਾ ਹੋ ਜਾਣ। ਮੈਟ ਹਮੇਸ਼ਾ ਸਿੱਲ੍ਹੇ ਰਹਿਣੇ ਚਾਹੀਦੇ ਹਨ। ਪਨੀਰੀ ਦੀ ਬੀਜਾਈ ਤੋਂ 10 ਦਿਨਾਂ ਬਾਅਦ 200 ਗ੍ਰਾਮ ਯੂਰੀਆ ਨੂੰ 15 ਲੀਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ ਜੋ ਇਕ ਏਕੜ ਦੀ ਪਨੀਰੀ (150 ਮੈਟ) ਲਈ ਕਾਫੀ ਹੈ। ਇਕ ਏਕੜ ਦੀ ਲੁਆਈ ਵਾਸਤੇ ਲਗਭਗ 150 ਮੈਟ ਲੱਗ ਜਾਂਦੇ ਹਨ, ਜਿਸ ਲਈ 10-12 ਕਿੱਲੋ ਬੀਜ ਕਾਫੀ ਹੁੰਦਾ ਹੈ। 'ਮੈਟ ਟਾਈਪ ਪਨੀਰੀ' ਦੀ ਬਿਜਾਈ ਝੋਨੇ ਜਾਂ ਬਾਸਮਤੀ ਦੀ ਕਿਸਮ ਮੁਤਾਬਿਕ ਢੁੱਕਵੇਂ ਸਮੇਂ 'ਤੇ ਕੀਤੀ ਜਾ ਸਕਦੀ ਹੈ। ਖੇਤ ਵਿਚ ਲੁਆਈ ਲਈ 25-30 ਦਿਨਾਂ 'ਚ ਪਨੀਰੀ ਦੇ ਮੈਟ ਤਿਆਰ ਹੋ ਜਾਂਦੇ ਹਨ। ਮੈਟ ਪੁੱਟਣ ਤੋਂ ਕੁਝ ਘੰਟੇ ਪਹਿਲਾਂ ਪਨੀਰੀ 'ਚੋਂ ਪਾਣੀ ਕੱਢ ਦੇਣਾ ਚਾਹੀਦਾ ਹੈ। ਪਲਾਸਟਿਕ ਸ਼ੀਟ 'ਤੇ ਉਗਾਏ ਗਏ ਮੈਟਾਂ ਨੂੰ ਆਸਾਨੀ ਨਾਲ ਪੁੱਟਣ ਲਈ ਤਿੱਖੇ ਬਲੇਡ ਜਾਂ ਦਾਤੀ ਨਾਲ ਫਰੇਮ ਦੇ ਬਣੇ ਨਿਸ਼ਾਨਾਂ ਤੋਂ ਕੱਟ ਲੈਣਾ ਚਾਹੀਦਾ ਹੈ। ਫਰੇਮ ਦੇ ਖਾਨਿਆਂ ਦਾ ਸਾਈਜ਼ ਮਸ਼ੀਨ ਮੁਤਾਬਕ ਹੋਣਾ ਚਾਹੀਦਾ ਹੈ। ਜੇਕਰ ਇੰਜਣ ਵਾਲੀ ਮਸ਼ੀਨ ਵਰਤਣੀ ਹੋਵੇ ਤਾਂ ਖਾਨਿਆਂ ਦਾ ਸਾਈਜ਼ 45×21×2 ਸੈਂਟੀਮੀਟਰ ਹੋਵੇ ਅਤੇ ਸਵੈਚਾਲਿਤ ਮਸ਼ੀਨ ਲਈ 58×28×2 ਸੈਂਟੀਮੀਟਰ ਹੋਣਾ ਚਾਹੀਦਾ ਹੈ। ਦੋ ਬੰਦੇ ਇਕ ਦਿਨ ਵਿਚ 3-4 ਏਕੜ ਦੀ ਪਨੀਰੀ ਦੀ ਬਿਜਾਈ ਕਰ ਸਕਦੇ ਹਨ। ਕਿਸਾਨ ਵੀਰ ਇਨ੍ਹਾਂ ਗੱਲਾਂ ਦਾ ਧਿਆਨ ਰੱਖ ਕੇ ਮੈਟ ਟਾਈਪ ਪਨੀਰੀ ਸੌਖਿਆਂ ਹੀ ਤਿਆਰ ਕਰ ਸਕਦੇ ਹਨ ਅਤੇ ਝੋਨੇ ਅਤੇ ਬਾਸਮਤੀ ਦੀ ਮਸ਼ੀਨ ਨਾਲ ਲੁਆਈ ਸਫਲਤਾ-ਪੂਰਵਕ ਢੰਗ ਨਾਲ ਨੇਪਰੇ ਚਾੜ੍ਹ ਸਕਦੇ ਹਨ।



# ਝੋਨੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਬਿਜਾਈ ਅਤੇ ਵਿਉਂਤਬੰਦੀ



ਬੂਟਾ ਸਿੰਘ ਢਿੱਲੋਂ, ਗੁਰਪ੍ਰੀਤ ਕੌਰ ਅਤੇ ਰਣਵੀਰ ਸਿੰਘ ਗਿੱਲ, ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 81461-00360)

ਪੰਜਾਬ ਐਗਰੀਕਲਚਲ ਯੂਨੀਵਰਸਿਟੀ ਵੱਲੋਂ ਵਿਕਸਿਤ ਵੱਖ-ਵੱਖ ਕਿਸਮਾਂ ਅਤੇ ਤਕਨੀਕਾਂ ਨੂੰ ਤਰਤੀਬਵਾਰ ਅਪਨਾਉਣ ਨਾਲ ਝੋਨੇ ਦੀ ਬਿਜਾਈ ਨੂੰ ਜ਼ਿਆਦਾ ਸਮੇਂ ਵਿਚ ਵੰਡਿਆ ਜਾ ਸਕਦਾ ਹੈ। ਇਸ ਨਾਲ ਲੇਬਰ ਦੀ ਕਮੀ ਦੀ ਸਮੱਸਿਆ ਘਟੇਗੀ। ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਪਨੀਰੀ ਦੀ ਉਮਰ ਜ਼ਿਆਦਾ ਵੱਡੀ ਨਾ ਕੀਤੀ ਜਾਵੇ। ਪੀ. ਆਰ.126 ਕਿਸਮ ਤੋਂ ਚੰਗਾ ਝਾੜ ਲੈਣ ਲਈ ਇਸ ਦੀ ਲੁਆਈ ਜੁਲਾਈ ਮਹੀਨੇ ਵਿਚ 25-30 ਦਿਨ ਦੀ ਪਨੀਰੀ ਵਰਤ ਕੇ ਕਰੋ। ਪਰ ਤਿੰਨ ਫਸਲਾਂ ਵਾਲੇ ਫਸਲੀ ਚੱਕਰਾਂ ਵਿੱਚ ਹੀ ਇਸ ਦੀ ਲੁਆਈ 25 ਜੂਨ ਤੋਂ ਸ਼ੁਰੂ ਕੀਤੀ ਜਾ ਸਕਦੀ ਹੈ। ਝੋਨੇ ਅਤੇ ਬਾਸਮਤੀ ਦੇ ਅਨੁਪਾਤ ਨੂੰ ਧਿਆਨ ਵਿਚ ਰੱਖਣਾ ਵੀ ਬਹੁਤ ਜ਼ਰੂਰੀ ਹੈ। ਪਿਛਲੇ ਕਈ ਸਾਲਾਂ ਦੇ ਰੁਝਾਨ ਦੱਸਦੇ ਹਨ ਕਿ ਬਾਸਮਤੀ ਦੇ ਵਧੀਆ ਮੰਡੀਕਰਨ ਅਤੇ ਯੋਗ ਭਾਅ ਲਈ ਇਸ ਦਾ ਰਕਬਾ ਕੁੱਲ ਝੋਨੇ ਦਾ 20 ਫੀਸਦੀ ਦੇ ਆਸ ਪਾਸ ਰਹੇ ਤਾਂ ਚੰਗਾ ਹੈ।

**ਲੰਮਾ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਕਾਸ਼ਤ ਨੂੰ ਠੱਲ੍ਹ ਪਾਓ :** ਲੰਮਾ ਸਮਾਂ ਲੈਣ ਵਾਲੀਆਂ ਕਿਸਮਾਂ ਜਿਵੇਂ ਕਿ ਪੂਸਾ 44, ਪੀਲੀ ਪੂਸਾ ਆਦਿ ਦੀ ਕਾਸ਼ਤ ਨਾਲ ਫਸਲ ਦੀ ਕਟਾਈ ਵਿਚ ਦੇਰੀ ਅਤੇ ਨਾੜ ਦੀ ਸਾਂਭ-ਸੰਭਾਲ ਵਿਚ ਮੁਸ਼ਕਿਲਾਂ ਆ ਸਕਦੀਆਂ ਹਨ। ਇਹਨਾਂ ਕਿਸਮਾਂ ਦੀ ਕਾਸ਼ਤ ਨਾਲ ਪਾਣੀ ਦੀ ਵਧੇਰੇ ਖਪਤ ਹੁੰਦੀ ਹੈ ਅਤੇ ਕੀਟਨਾਸ਼ਕਾਂ ਦਾ ਖਰਚਾ ਵੀ ਵਧਦਾ ਹੈ।

**ਸਾਰਣੀ 1 : ਝੋਨੇ ਦੀਆਂ ਸਿਫਾਰਸ਼ ਕਿਸਮਾਂ ਦਾ ਵੇਰਵਾ**

| ਕਿਸਮ | ਬਿਜਾਈ ਦਾ ਸਮਾਂ | ਪਨੀਰੀ ਦੀ ਸਹੀ ਉਮਰ | ਔਸਤ ਝਾੜ (ਕੁ/ਏਕੜ) | ਪੱਕਣ ਲਈ ਸਮਾਂ (ਲੁਆਈ ਤੋਂ ਬਾਅਦ) | ਝੁਲਸ ਰੋਗ ਦੇ ਜੀਵਾਣੂਆਂ ਪ੍ਰਤੀ ਸਹਿਣਸ਼ੀਲਤਾ | ਝੋਨੇ ਦੀ ਕਟਾਈ/ ਕਣਕ ਦੀ ਬਿਜਾਈ ਦਰਮਿਆਨ ਸਮਾਂ (ਦਿਨ) |
|---|---|---|---|---|---|---|
| ਪੀ.ਆਰ.131 | 20-25 ਮਈ | 30-35 ਦਿਨ | 31.0 | 110 | 10/10 | 22-27 |
| ਪੀ.ਆਰ.129 | | | 30.0 | 108 | 10/10 | 24-29 |
| ਪੀ.ਆਰ.128 | | | 30.5 | 111 | 10/10 | 21-26 |
| ਪੀ.ਆਰ.122 | | | 31.5 | 117 | 10/10 | 15-20 |
| ਪੀ.ਆਰ.121 | | | 30.5 | 110 | 10/10 | 22-27 |
| ਪੀ.ਆਰ.114 | | | 27.5 | 115 | 5/10 | 17-22 |
| ਪੀ.ਆਰ.113 | | | 28.0 | 112 | 8/10 | 20-25 |
| ਪੀ.ਆਰ.130 | 25-31 ਮਈ | | 30.0 | 105 | 10/10 | 22-27 |
| ਐਚਕੇਆਰ 47 | | | 29.5 | 104 | 0/10 | 23-28 |
| ਪੀ.ਆਰ.127 | | | 30.0 | 107 | 10/10 | 20-25 |
| ਪੀ.ਆਰ.126 | 25 ਮਈ-20 ਜੂਨ | 25-30 ਦਿਨ | 30.0 | 93 | 7/10 | 25-40 |

**ਸਾਰਣੀ 2 : ਝੋਨੇ ਦੀਆਂ ਘੱਟ ਤੋਂ ਦਰਮਿਆਨਾ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਪੂਸਾ 44 ਦੇ ਮੁਕਾਬਲੇ ਕਾਰਗੁਜ਼ਾਰੀ**

| ਵੇਰਵਾ | ਪੀ.ਆਰ.-126 | ਪੀ.ਆਰ.-131 |
|---|---|---|
| ਦਿਨਾਂ ਦੀ ਬੱਚਤ | 37 | 20 |
| ਸਿੰਚਾਈਆਂ ਦੀ ਬੱਚਤ | 9 | 5 |
| ਖਾਦਾਂ ਦੀ ਬੱਚਤ (ਰੁਪਏ ਪ੍ਰਤੀ ਏਕੜ) | 339 | 278 |
| ਕੀਟਨਾਸ਼ਕਾਂ ਦੀ ਬੱਚਤ (ਰੁਪਏ ਪ੍ਰਤੀ ਏਕੜ) | 1504 | 1123 |
| ਲੇਬਰ ਦੀ ਬੱਚਤ (ਰੁਪਏ ਪ੍ਰਤੀ ਏਕੜ) | 1265 | 825 |
| ਕਾਸ਼ਤਕਾਰੀ ਖਰਚਿਆਂ ਵਿਚ ਕੁੱਲ ਬੱਚਤ (ਰੁਪਏ ਪ੍ਰਤੀ ਏਕੜ) | 5064 | 3418 |
| ਸ਼ੁੱਧ ਮੁਨਾਫੇ ਵਿਚ ਵਾਧਾ (ਰੁਪਏ ਪ੍ਰਤੀ ਏਕੜ) | +217 | +1215 |

**ਸਿਹਤਮੰਦ ਪਨੀਰੀ ਤਿਆਰ ਦਾ ਢੰਗ :** ਪਨੀਰੀ ਵਾਲੇ ਖੇਤ ਵਿਚ ਪ੍ਰਤੀ ਕਨਾਲ 12-15 ਟਨ ਗਲੀ ਸੜੀ ਰੂੜੀ ਪਾਉਣ ਉਪਰੰਤ ਰੂੜੀ ਨੂੰ ਖੇਤ ਵਿਚ ਰਲਾਉਣ ਲਈ ਇੱਕ ਦੋ ਵਾਰ ਵਾਹ ਕੇ ਪਾਣੀ ਲਗਾ ਦਿਓ ਤਾਂ ਜੋ ਖੇਤ ਅਤੇ ਰੂੜੀ ਵਿਚਲੇ ਨਦੀਨ ਅਤੇ ਪਿਛਲੇ ਸਾਲ ਝੋਨੇ ਦੇ ਕਿਰੇ ਬੀਜ ਜੰਮ ਪੈਣ। ਇਸ ਉਪਰੰਤ ਹਫਤੇ-ਹਫਤੇ ਦੇ ਵਕਫੇ ਤੇ ਖੇਤ ਨੂੰ ਵਾਹ ਦਿਓ। ਇਕ ਏਕੜ ਲਈ ਲੋੜੀਂਦੀ ਪਨੀਰੀ ਵਾਸਤੇ, ਕੱਦੂ ਕਰਕੇ ਚੰਗੀ ਤਰ੍ਹਾਂ ਤਿਆਰ ਖੇਤ ਵਿਚ 8 ਕਿਲੋ ਬੀਜ ਦਾ ਸਾਢੇ ਛੇ ਮਰਲੇ ਵਿਚ ਛਿੱਟਾ ਦਿਓ। ਬਿਜਾਈ ਤੋਂ ਪਹਿਲਾਂ ਪ੍ਰਤੀ ਕਿਲੋ ਬੀਜ ਨੂੰ 3 ਗ੍ਰਾਮ ਸਪਰਿੰਟ 75 ਡਬਲਯੂ. ਐਸ. ਨਾਲ ਸੋਧ ਲਵੋ। ਝੋਨੇ ਦੀ ਪਨੀਰੀ ਨੂੰ ਖਾਦਾਂ ਦੀ ਮਾਤਾ, ਖਾਦਾਂ ਪਾਉਣ ਦਾ ਸਮਾਂ, ਲਘੂ ਤੱਤਾਂ ਦੀ ਘਾਟ ਦੀਆਂ ਨਿਸ਼ਾਨੀਆਂ ਅਤੇ ਉਹਨਾਂ ਦੀ ਪੂਰਤੀ ਸਬੰਧੀ ਹੇਠਾਂ ਦਿੱਤੀ ਸਾਰਣੀ 3 ਅਤੇ 4 ਵਿਚ ਦਿੱਤੇ ਗਏ ਹਨ।

**ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਅਪਣਾ ਕੇ ਝੋਨੇ ਦੀ ਲੁਆਈ/ਬਿਜਾਈ ਨੂੰ ਜ਼ਿਆਦਾ ਸਮੇਂ ਵਿੱਚ ਵੰਡੋ :** ਉਪਰੋਕਤ ਦੱਸੇ ਮੁਤਾਬਿਕ ਝੋਨੇ ਦੀਆਂ ਵੱਖ-ਵੱਖ ਕਿਸਮਾਂ ਦੀ ਲੁਆਈ 20 ਜੂਨ ਤੋਂ ਜੁਲਾਈ ਦੇ ਦੂਜੇ ਪੰਦਰਵਾੜੇ ਤੱਕ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਜੂਨ ਦੇ ਪਹਿਲੇ ਪੰਦਰਵਾੜੇ ਤੋਂ ਸ਼ੁਰੂ ਕਰ ਕੇ ਮਸ਼ੀਨਾਂ ਦੀ ਉਪਲਬਧਤਾ ਮੁਤਾਬਕ ਝੋਨੇ ਦੀ ਸਿੱਧੀ ਬਿਜਾਈ ਵੀ ਕੀਤੀ ਜਾ ਸਕਦੀ ਹੈ। ਇਸ ਵਿਧੀ ਰਾਹੀਂ ਲੇਬਰ ਅਤੇ ਧਰਤੀ ਹੇਠਲੇ ਪਾਣੀ ਦੀ ਬੱਚਤ ਹੁੰਦੀ ਹੈ। ਝੋਨੇ ਦੀ ਸਿੱਧੀ ਬਿਜਾਈ ਲਈ ਪਰਮਲ ਕਿਸਮਾਂ ਲਈ ਬਿਜਾਈ ਦਾ ਢੁੱਕਵਾਂ ਸਮਾਂ ਜੂਨ ਦਾ ਪਹਿਲਾ ਪੰਦਰਵਾੜਾ ਹੈ ਜਦਕਿ ਬਾਸਮਤੀ ਕਿਸਮਾਂ ਲਈ ਜੂਨ ਦਾ ਦੂਜਾ ਪੰਦਰਵਾੜਾ ਹੈ।

**ਸਾਰਣੀ 3 : ਝੋਨੇ ਦੀ ਪਨੀਰੀ ਨੂੰ ਖਾਦਾਂ ਦੀ ਮਾਤਰਾ ਅਤੇ ਖਾਦਾਂ ਪਾਉਣ ਦਾ ਵੇਰਵਾ**

| ਖਾਦਾਂ | ਮਾਤਰਾ/ਏਕੜ | ਪਾਉਣ ਦਾ ਸਮਾਂ |
|---|---|---|
| ਯੂਰੀਆ | 26 ਕਿਲੋ<br>26 ਕਿਲੋ | ਪਨੀਰੀ ਦੀ ਬਿਜਾਈ ਸਮੇਂ (ਕੱਦੂ ਤੋਂ ਪਹਿਲਾਂ)<br>ਬਿਜਾਈ ਤੋਂ 15 ਦਿਨ ਬਾਅਦ |
| ਸਿੰਗਲ ਸੁਪਰ ਫਾਸਫੇਟ | 60 ਕਿਲੋ | ਬਿਜਾਈ ਤੋਂ ਪਹਿਲਾਂ |
| ਜ਼ਿੰਕ ਸਲਫੇਟ (21%) ਜਾਂ ਜ਼ਿੰਕ ਸਲਫੇਟ (33%) | 40 ਕਿਲੋ ਜਾਂ 25.5 ਕਿਲੋ | ਬਿਜਾਈ ਤੋਂ ਪਹਿਲਾਂ |



**ਬਿਨਾਂ ਕੱਦੂ ਕੀਤੇ ਝੋਨੇ ਦੀ ਲੁਆਈ**

ਭਾਰੀਆਂ ਜ਼ਮੀਨਾਂ ਵਿਚ ਬਿਨਾਂ ਕੱਦੂ ਕੀਤੇ ਝੋਨੇ ਦੀ ਲੁਆਈ ਵੱਟਾਂ/ਬੈੱਡਾਂ ਉਪਰ ਕਰਨ ਨਾਲ ਧਰਤੀ ਹੇਠਲੇ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ। ਇਸ ਵਿਧੀ ਵਿਚ 2 ਫੁੱਟ ਦੇ ਫਾਸਲੇ ਤੇ ਵੱਟਾਂ ਜਾਂ 2.25 ਫੁੱਟ ਤੇ ਬੈਡ ਬਣਾ ਕੇ ਵੱਟਾਂ/ਬੈੱਡਾਂ ਉੱਪਰ ਪੌਦੇ ਤੋਂ ਪੌਦੇ ਦਾ ਫਾਸਲਾ ਕ੍ਰਮਵਾਰ 10 ਅਤੇ 9 ਸੈਂਟੀਮੀਟਰ ਰੱਖਦੇ ਹੋਏ ਲੁਆਈ ਕਰੋ ਤਾਂ ਜੋ ਬੂਟਿਆਂ ਦੀ ਗਿਣਤੀ 33 ਬੂਟੇ ਪ੍ਰਤੀ ਵਰਗਮੀਟਰ ਰਹੇ। ਝੋਨੇ ਦੀ ਪਨੀਰੀ ਦੀ ਲੁਆਈ ਢਲਾਨਾਂ ਦੇ ਅੱਧ ਵਿਚਕਾਰ ਦੋਨੋਂ ਪਾਸੇ ਕਰੋ। ਇਸ ਵਿਧੀ ਵਿਚ ਘੱਟ ਉਮਰ ਦੀ ਪਨੀਰੀ ਵਰਤਣ ਨਾਲ ਚੰਗਾ ਝਾੜ ਮਿਲਦਾ ਹੈ।

**ਝੋਨੇ ਦੀ ਪਨੀਰੀ ਉੱਪਰ ਨਿਮਾਟੋਡ ਦਾ ਹਮਲਾ :** ਪਿਛਲੇ ਸਾਲਾਂ ਦੌਰਾਨ ਦੇਖਣ ਵਿਚ ਆਇਆ ਹੈ ਕਿ ਹਲਕੀਆਂ ਜ਼ਮੀਨਾਂ ਵਿਚ ਬੀਜੀ ਝੋਨੇ ਦੀ ਪਨੀਰੀ ਉਪਰ ਨਿਮਾਟੋਡ ਦਾ ਹਮਲਾ ਹੋ ਜਾਂਦਾ ਹੈ। ਜੇਕਰ ਪਿਛਲੇ ਸਾਲ ਅਜਿਹੀ ਅਲਾਮਤ ਤੁਹਾਡੇ ਖੇਤ ਵਿਚ ਆਈ ਹੋਵੇ ਤਾਂ ਪਨੀਰੀ ਬੀਜਣ ਤੋਂ 10 ਦਿਨ ਪਹਿਲਾਂ ਖੇਤ ਵਿਚ ਸਰ੍ਹੋਂ ਦੀ ਖਲ 40 ਗ੍ਰਾਮ ਪ੍ਰਤੀ ਵਰਗ ਮੀਟਰ (1 ਕਿਲੋ ਪ੍ਰਤੀ ਮਰਲਾ) ਦੇ ਹਿਸਾਬ ਨਾਲ ਪਾਓ। ਖਿਆਲ ਰਹੇ ਕਿ ਖੇਤ ਵਿਚ ਖਲ ਪਾਉਣ ਅਤੇ ਪਨੀਰੀ ਦੀ ਬਿਜਾਈ ਦਰਮਿਆਨ 10 ਦਿਨ ਦਾ ਵਕਫਾ ਜ਼ਰੂਰ ਰੱਖੋ।

**ਝੋਨੇ ਵਿਚ ਰਲਾ/ਮਿਸ਼ਰਣ :** ਝੋਨੇ ਦੀ ਫਸਲ ਵਿਚ ਰਲੇ/ਮਿਸ਼ਰਣ ਦਾ ਮਸਲਾ ਵੀ ਅਹਿਮ ਹੈ। ਆਮ ਦੇਖਣ ਵਿਚ ਆਇਆ ਹੈ ਕਿ ਕਿਸਾਨ ਵੀਰ ਸੁੱਕੇ ਖੇਤ ਨੂੰ ਵਾਹ ਕੇ ਬੀਜ ਦਾ ਛਿੱਟਾ ਦੇ ਰਹੇ ਹਨ ਜਿਸ ਨਾਲ ਪਿਛਲੇ ਸਾਲ ਦਾ ਕਿਰਿਆ ਬੀਜ ਵੀ ਜੰਮ ਪੈਂਦਾ ਹੈ ਜੋ ਕਿ ਰਲੇ ਦਾ ਕਾਰਣ ਬਣਦਾ ਹੈ।

**ਹੋਰ ਧਿਆਨਯੋਗ ਨੁਕਤੇ :**

★ ਕਿਸਮੀ ਵਿਭਿੰਨਤਾ ਅਪਨਾਓ ਅਤੇ ਨਵੀਂ ਕਿਸਮ ਨੂੰ ਪਹਿਲੇ ਸਾਲ ਥੋੜ੍ਹੇ ਰਕਬੇ ਵਿਚ ਬੀਜੋ।

★ ਤਿੰਨ ਫਸਲਾਂ ਵਾਲੇ ਫਸਲੀ ਚੱਕਰਾਂ ਵਿਚ ਪੀ ਆਰ 126 ਨੂੰ ਤਰਜੀਹ ਦਿਓ ਅਤੇ ਇਸ ਦੀ ਲੁਆਈ ਸਿਫਾਰਿਸ਼

ਬਾਕੀ ਸਫਾ 10 'ਤੇ

**ਸਾਰਣੀ 4 : ਲਘੂ ਤੱਤਾਂ ਦੀ ਘਾਟ ਦੀਆਂ ਨਿਸ਼ਾਨੀਆਂ ਅਤੇ ਪੂਰਤੀ**

| ਲਘੂ ਤੱਤ | ਘਾਟ ਦੀਆਂ ਨਿਸ਼ਾਨੀਆਂ | ਘਾਟ ਦੀ ਪੂਰਤੀ |
|---|---|---|
| ਲੋਹਾ | ਨਵੇਂ ਨਿਕਲ ਰਹੇ ਪੱਤਿਆਂ ਦਾ ਪੀਲਾ ਪੈਣਾ | ਪਨੀਰੀ ਨੂੰ ਪਾਣੀ ਨਾਲ ਭਰੋ। ਪਨੀਰੀ ਨੂੰ 5.0-1.0% ਫੈਰਸ ਸਲਫੇਟ(ਅੱਧੇ ਤੋਂ ਇਕ ਕਿਲੋ ਫੈਰਸ ਸਲਫੇਟ 100 ਲਿਟਰ ਪਾਣੀ ਵਿੱਚ) ਦਾ ਹਫਤੇ-ਹਫਤੇ ਦੇ ਵਕਫੇ 2-3 ਵਾਰੀ ਛਿੜਕਾਅ ਕਰੋ। ਜੇਕਰ ਘਾਟ ਝੋਨੇ ਦੀ ਲੁਆਈ ਤੋਂ ਬਾਅਦ ਆਈ ਹੋਵੇ ਤਾਂ ਵੀ 1.0% ਫੈਰਸ ਸਲਫੇਟ (ਇਕ ਕਿਲੋ ਸਲਫੇਟ 100 ਲਿਟਰ ਪਾਣੀ ਵਿੱਚ) ਦਾ 2-3 ਵਾਰ ਛਿੜਕਾਅ ਕਰੋ। |
| ਜ਼ਿੰਕ | ਝੋਨੇ ਦੇ ਹੇਠਲੇ (ਪੁਰਾਣੇ) ਪੱਤਿਆਂ ਦਾ ਜੰਗਾਲੇ ਜਾਣਾ, ਬੂਟੇ ਦਾ ਮਧਰੇ ਰਹਿਣਾ ਅਤੇ ਜਾਣ ਨਾ ਮਾਰਨਾ | ਪਨੀਰੀ ਬੀਜਣ ਵੇਲੇ ਪ੍ਰਤੀ ਕਨਾਲ 5 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ (21%) ਜਾਂ 3.2 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33%) ਛੱਟੇ ਨਾਲ ਪਾਓ।<br>ਇਸ ਦੇ ਬਾਵਜੂਦ ਵੀ ਜੇਕਰ ਪਨੀਰੀ ਵਿਚ ਘਾਟ ਹੋਵੇ ਤਾਂ ਅੱਧਾ ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ (21%) ਜਾਂ 300 ਗ੍ਰਾਮ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33%) 100 ਲਿਟਰ ਪਾਣੀ ਵਿੱਚ ਘੋਲ ਕੇ ਛਿੜਕੋ।<br>ਜੇਕਰ ਘਾਟ ਝੋਨੇ ਦੀ ਲੁਆਈ ਤੋਂ ਬਾਅਦ ਆਈ ਹੋਵੇ ਤਾਂ 25 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ (21%) ਜਾਂ 16 ਕਿਲ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33%) ਪ੍ਰਤੀ ਏਕੜ ਦੇ ਹਿਸਾਬ ਛੱਟੇ ਨਾਲ ਪਾਓ। |

# ਕੰਪਿਊਟਰ ਵਿਜ਼ਨ ਸਿੰਡਰੋਮ (CVS) ਜਾਂ ਡਿਜੀਟਲ ਆਈ ਸਟ੍ਰੇਨ (DES)

ਦੀਪਕ ਮਹਾਜਨ, ਪੀ. ਐਚ. ਡੀ. ਸਕਾਲਰ ਅਤੇ ਡਾ. ਨਿਰਮਲ ਕੌਰ, ਐਸੋਸੀਏਟ ਪ੍ਰੋਫੈਸਰ, ਉਪ ਡੀਨ, ਕੰਪਿਊਟਰ ਸਾਇੰਸ ਅਤੇ ਐਪਲੀਕੇਸ਼ਨ ਵਿਭਾਗ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਖਿਆਲਾ, ਜ਼ਿਲ੍ਹਾ ਜਲੰਧਰ (ਮੋ.99889-19194)

**ਭੂਮਿਕਾ** : ਘਰ ਅਤੇ ਦਫਤਰ ਵਿਚ ਕੰਪਿਊਟਰਾਂ ਦੀ ਵਧਦੀ ਵਰਤੋਂ ਸਿਹਤ ਦੇ ਖਤਰਿਆਂ ਵਿਚ ਵਾਧਾ ਕਰਦੀ ਹੈ, ਇਹ ਡਿਜੀਟਲ ਅੱਖਾਂ ਦਾ ਤਣਾਅ, ਅੱਖਾਂ ਅਤੇ ਨਜ਼ਰ ਦੀਆਂ ਸਮੱਸਿਆਵਾਂ ਦਾ ਇਕ ਸਮੂਹ ਹੈ ਜਿਸਨੂੰ ਕੰਪਿਊਟਰ ਵਿਜ਼ਨ ਸਿੰਡਰੋਮ (CVS) ਕਿਹਾ ਜਾਂਦਾ ਹੈ। ਇਹ ਸਮੱਸਿਆਵਾਂ ਵਿਚ ਅੱਖਾਂ 'ਚ ਖਾਰਸ਼ ਅਤੇ ਅੱਥਰੂ, ਅੱਖਾਂ ਥੱਕੀਆਂ ਜਾਂ ਬੇਆਰਾਮ, ਅੱਖਾਂ ਸੁੱਕੀਆਂ ਅਤੇ ਲਾਲ ਹੁੰਦੀਆਂ ਹਨ। ਮਹਿਸੂਸ ਕਰ ਸਕਦੀਆਂ ਹਨ ਅਤੇ ਤੁਸੀਂ ਆਮ ਤੌਰ 'ਤੇ ਧਿਆਨ ਕੇਂਦਰਿਤ ਕਰਨ ਦੇ ਯੋਗ ਨਹੀਂ ਹੋ ਸਕਦੇ। ਇਹ ਸਮੱਸਿਆਵਾਂ ਬਹੁਤ ਸਾਰੇ ਕੰਪਿਊਟਰ ਜਾਂ ਡਿਜੀਟਲ ਡਿਵਾਈਸ ਜਿਵੇਂ ਕਿ ਲੈਪਟਾਪ, ਮੋਬਾਈਲ, ਇਲੈਕਟ੍ਰਾਨਿਕ ਗੈਜੇਟ, ਟੈਬਲੇਟ ਆਦਿ ਦੇ ਰੂਪ ਵਿਚ ਡਿਜੀਟਲ ਸਕ੍ਰੀਨਾਂ ਦੀ ਲਗਾਤਾਰ ਜਾਂ ਲੰਬੇ ਸਮੇਂ ਤੱਕ ਦੀ ਵਰਤੋਂ ਕਾਰਨ ਹੁੰਦੀਆਂ ਹਨ। ਈ-ਰੀਡਰ ਅਤੇ ਸਮਾਰਟਫੋਨ ਦੀ ਵਰਤੋਂ ਕਰਨ ਨਾਲ ਵੀ ਇਹ ਸਮੱਸਿਆਵਾਂ ਹੋ ਸਕਦੀਆਂ ਹਨ।

ਔਸਤ ਇਕ ਕਰਮਚਾਰੀ ਦਫਤਰ ਵਿਚ ਜਾਂ ਘਰ ਤੋਂ ਕੰਮ ਕਰਦੇ ਹੋਏ ਕੰਪਿਊਟਰ ਉੱਤੇ ਦਿਨ ਵਿੱਚ ਸੱਤ ਘੰਟੇ ਬਿਤਾਉਂਦਾ ਹੈ ਨਤੀਜੇ ਵਜੋਂ ਡਿਜੀਟਲ ਆਈਸਟ੍ਰੇਨ ਵਿਚ ਯੋਗਦਾਨ ਪਾ ਸਕਦਾ ਹੈ। ਵਿਸ਼ਵ ਪੱਧਰ ਤੇ ਲਗਭਗ 60 ਮਿਲੀਅਨ ਲੋਕ ਇਸ ਸਮੱਸਿਆ ਤੋਂ ਪੀੜਤ ਹਨ, ਨਤੀਜੇ ਵਜੋਂ ਕੰਮ ਕਰਨ ਦੀ ਕੁਸ਼ਲਤਾ ਘਟਦੀ ਹੈ ਅਤੇ ਜੀਵਨ ਦੀ ਗੁਣਵੱਤਾ ਵਿਗੜਦੀ ਹੈ। ਮਨੁੱਖੀ ਅੱਖ ਕੁਦਰਤੀ ਤੌਰ ਤੇ ਲੰਬੇ ਸਮੇਂ ਲਈ ਸਕ੍ਰੀਨਾਂ ਨੂੰ ਦੇਖਣ ਲਈ ਨਹੀਂ ਬਣੀ। ਉੱਚ ਊਰਜਾ ਦਿੱਸਣ ਵਾਲੀਆਂ ਰੋਸ਼ਨੀ, ਜਿਸਨੂੰ ਨੀਲੀ ਰੋਸ਼ਨੀ ਵੀ ਕਿਹਾ ਜਾਂਦਾ ਹੈ, ਇਹਨਾਂ ਸਕ੍ਰੀਨਾਂ ਦੁਆਰਾ ਨਿਕਲਣ ਨਾਲ ਅੱਖਾਂ ਦੀਆਂ ਸਮੱਸਿਆਵਾਂ ਜਾਂ ਦਰਸ਼ਨ ਸੰਬੰਧੀ ਨਪੁੰਸਕਤਾ ਹੋ ਸਕਦੀ ਹੈ ਜਿਸਦੇ ਨਤੀਜੇ ਵਜੋਂ ਖੁਸ਼ਕੀ, ਜਲਣ, ਧੁੰਦਲੀ ਨਜ਼ਰ ਅਤੇ ਸਿਰ ਦਰਦ ਹੋ ਸਕਦਾ ਹੈ। ਨੀਲੀ ਰੋਸ਼ਨੀ ਦੇ ਲੰਬੇ ਸਮੇਂ ਤੱਕ ਐਕਸਪੋਜਰ ਉਮਰ-ਸਬੰਧਤ ਡੀਜਨਰੇਸ਼ਨ ਵਰਗੀਆਂ ਗੰਭੀਰ ਸਥਿਤੀਆਂ ਦੇ ਵਿਕਾਸ ਦੇ ਜੋਖਮ ਵਿਚ ਯੋਗਦਾਨ ਪਾ ਸਕਦਾ ਹੈ।

ਜਦੋਂ ਅਸੀਂ ਇਕ ਵਿਸਤ੍ਰਿਤ ਸਮੇਂ ਲਈ ਡਿਜੀਟਲ ਸਕ੍ਰੀਨਾਂ ਤੇ ਧਿਆਨ ਕੇਂਦਰਤ ਕਰਦੇ ਹਾਂ, ਤਾਂ ਨੀਲੀ ਰੋਸ਼ਨੀ ਦੇ ਬਹੁਤ ਜ਼ਿਆਦਾ ਐਕਸਪੋਜ਼ਰ ਰੈਟੀਨਾ ਤੇ ਆਸੀਡੇਟਿਵ ਤਣਾਅ ਦਾ ਕਾਰਨ ਬਣ ਸਕਦੇ ਹਨ। ਇਹ ਇਸ ਲਈ ਹੈ ਕਿਉਂਕਿ ਮਨੁੱਖ ਅੱਖ ਨੀਲੀ ਰੋਸ਼ਨੀ ਨੂੰ ਰੋਕਣ ਵਿਚ ਬਹੁਤ ਕੁਸ਼ਲ ਨਹੀਂ ਹੈ ਅਤੇ ਇਸਦਾ ਜ਼ਿਆਦਾਤਰ ਹਿੱਸਾ ਰੋਸ਼ਨੀ-ਸੰਵੇਦਨਸ਼ੀਲ ਰੈਟੀਨਾ ਤੱਕ ਪਹੁੰਚਦਾ ਹੈ ਸੰਭਾਵੀ ਤੌਰ ਤੇ ਲੰਬੇ ਸਮੇਂ ਲਈ ਨੁਕਸਾਨ ਪਹੁੰਚਾਉਂਦਾ ਹੈ।

ਇਸ ਤੋਂ ਇਲਾਵਾ ਡਿਜੀਟਨ ਸਕ੍ਰੀਨਾਂ ਤੇ ਧਿਆਨ ਕੇਂਦਰਤ ਕਰਨ ਨਾਲ ਕੁਦਰਤੀ ਬਲਿੰਕ ਰਿਫਲੈਕਸ ਨੂੰ ਵਿਗਾੜ ਸਕਦਾ ਹੈ ਜਿਸ ਨਾਲ ਅੱਖਾਂ ਖੁਸ਼ਕ ਹੋ ਸਕਦੀਆਂ ਹਨ। ਜਦੋਂ ਅਸੀਂ ਸਕ੍ਰੀਨਾਂ ਵੱਲ ਦੇਖਦੇ ਹਾਂ ਤਾਂ ਅਸੀਂ ਘੱਟ ਝਪਕਦੇ ਹਾਂ ਜਿਸ ਨਾਲ ਘੱਟ ਕੁਦਰਤੀ ਲੁਬਰੀਕੇਸ਼ਨ ਹੁੰਦੀ ਹੈ ਅਤੇ ਨਤੀਜੇ ਵਜੋਂ ਅੱਖਾਂ ਵਿਚ ਖੁਸ਼ਕ ਸਿੰਡਰੋਮ ਅਤੇ ਅਸੁਰੱਖਿਅਤ ਨਜ਼ਰ ਦੀਆਂ ਸਮੱਸਿਆਵਾਂ ਕੰਪਿਊਟਰ ਵਿਜ਼ਨ ਸਿੰਡਰੋਮ (CVS) ਜਾਂ ਡਿਜ਼ੀਟਲ ਆਈਸਟ੍ਰੇਨ ਲੱਛਣਾਂ ਦੀ ਗੰਭੀਰਤਾ ਨੂੰ ਵਧਾ ਸਕਦੀਆਂ ਹਨ।




ਚਿੱਤਰ 1 : CVS ਦੀ ਤਸਵੀਰ ਪੇਸ਼ਕਾਰੀ

**ਕਾਰਨ ਅਤੇ ਜੋਖਮ ਦੇ ਕਾਰਨ** :

ਕੰਪਿਊਟਰ ਜਾਂ ਡਿਜ਼ੀਟਲ ਸਕ੍ਰੀਨ ਦੇਖਣ ਨਾਲ ਅੱਖਾਂ ਨੂੰ ਅਕਸਰ ਕੰਮ ਕਰਨਾ ਔਖਾ ਹੋ ਜਾਂਦਾ ਹੈ। ਨਤੀਜੇ ਵਜੋਂ, ਕੰਪਿਊਟਰ ਅਤੇ ਡਿਜ਼ੀਟਲ ਸਕ੍ਰੀਨ ਦੇਖਣ ਦੀਆਂ ਵਿਲੱਖਣ ਵਿਸ਼ੇਸ਼ਤਾਵਾਂ ਅਤੇ ਉੱਚ ਵਿਜ਼ੂਅਲ ਮੰਗਾਂ ਬਹੁਤ ਸਾਰੇ ਵਿਅਕਤੀਆਂ ਨੂੰ ਦਰਸ਼ਨ ਸੰਬੰਧੀ ਲੱਛਣਾਂ ਦੇ ਵਿਕਾਸ ਲਈ ਸੰਵੇਦਨਸ਼ੀਲ ਬਣਾਉਂਦੀਆਂ ਹਨ। ਅਸੁਰੱਖਿਅਤ ਨਜ਼ਰ ਦੀਆਂ ਸਮੱਸਿਆਵਾਂ ਕੰਪਿਊਟਰ ਵਿਜ਼ਨ ਸਿੰਡਰੋਮ (CVS) ਜਾਂ ਡਿਜ਼ੀਟਲ ਆਈਸਟ੍ਰੇਨ ਲੱਛਣਾਂ ਦੀ ਗੰਭੀਰਤਾ ਨੂੰ ਵਧਾ ਸਕਦੀਆਂ ਹਨ। ਕੰਪਿਊਟਰ ਜਾਂ ਡਿਜ਼ੀਟਲ ਸਕ੍ਰੀਨ ਦੇਖਣਾ ਇਕ ਪ੍ਰਿੰਟ ਕੀਤੇ ਪੰਨੇ ਨੂੰ ਪੜ੍ਹਨ ਨਾਲੋਂ ਵੱਖਰਾ ਹੈ। ਅਕਸਰ ਕੰਪਿਊਟਰ ਜਾਂ ਹੈਂਡਹੈਲਡ ਡਿਵਾਈਸ 'ਤੇ ਚਮਕ ਅਤੇ ਪ੍ਰਤੀਬਿੰਬ ਦੀ ਮੌਜੂਦਗੀ ਦੇਖਣਾ ਮੁਸ਼ਕਲ ਬਣਾ ਸਕਦੀ ਹੈ।

ਇਸ ਕਿਸਮ ਦੇ ਕੰਮ ਲਈ ਵਰਤੀਆਂ ਜਾਣ ਵਾਲੀਆਂ ਦੂਰੀਆਂ ਅਤੇ ਕੋਣ ਵੀ ਅਕਸਰ ਉਹਨਾਂ ਨਾਲੋਂ ਵੱਖਰੇ ਹੁੰਦੇ ਹਨ ਜੋ ਆਮ ਤੌਰ 'ਤੇ ਪੜ੍ਹਨ ਜਾਂ ਲਿਖਣ ਦੇ ਹੋਰ ਕੰਮਾਂ ਲਈ ਵਰਤੇ ਜਾਂਦੇ ਹਨ। ਨਤੀਜੇ ਵਜੋਂ, ਡਿਜ਼ੀਟਲ ਸਕ੍ਰੀਨ ਦੇਖਣ ਲਈ ਅੱਖਾਂ ਦਾ ਧਿਆਨ ਕੇਂਦਰਿਤ ਕਰਨ ਅਤੇ ਅੱਖਾਂ ਦੀ ਗਤੀ ਦੀਆਂ ਲੋੜਾਂ ਵਿਜ਼ੂਅਲ ਸਿਸਟਮ 'ਤੇ ਵਾਧੂ ਮੰਗਾਂ ਰੱਖ ਸਕਦੀਆਂ ਹਨ। ਇਸ ਤੋਂ ਇਲਾਵਾ, ਮਾਮੂਲੀ ਨਜ਼ਰ ਦੀਆਂ ਸਮੱਸਿਆਵਾਂ ਦੀ ਮੌਜੂਦਗੀ ਅਕਸਰ ਕੰਪਿਊਟਰ 'ਤੇ ਜਾਂ ਹੋਰ ਡਿਜ਼ੀਟਲ ਸਕ੍ਰੀਨ ਡਿਵਾਈਸਾਂ ਦੀ ਵਰਤੋਂ ਕਰਦੇ ਸਮੇਂ ਆਰਾਮ ਅਤੇ ਪ੍ਰਦਰਸ਼ਨ ਨੂੰ ਪ੍ਰਭਾਵਿਤ ਕਰ ਸਕਦੀ ਹੈ। ਅਸੁਰੱਖਿਅਤ ਜਾਂ ਸਹੀ ਨਜ਼ਰ ਦੀਆਂ ਸਮੱਸਿਆਵਾਂ ਕੰਪਿਊਟਰ-ਸਬੰਧਤ ਅੱਖਾਂ ਦੇ ਦਬਾਅ ਵਿਚ ਮੁੱਖ ਯੋਗਦਾਨ ਪਾਉਣ ਵਾਲੇ ਕਾਰਕ ਹੋ ਸਕਦੇ ਹਨ। ਇੱਥੋਂ ਤੱਕ ਕਿ ਜਿਨ੍ਹਾਂ ਲੋਕਾਂ ਕੋਲ ਐਨਕਾਂ ਜਾਂ ਕਾਂਟੈਕਟ ਲੈਂਸ ਦੀ ਨੁਸਖਾ ਹੈ, ਉਹਨਾਂ ਨੂੰ ਇਹ ਲੱਗ ਸਕਦਾ ਹੈ ਕਿ ਇਹ ਉਹਨਾਂ ਦੀ ਕੰਪਿਊਟਰ ਸਕ੍ਰੀਨ ਦੀ ਖਾਸ ਦੂਰੀ ਦੇਖਣ ਲਈ ਢੁੱਕਵਾਂ ਨਹੀਂ ਹੈ। ਕੁਝ ਲੋਕ ਆਪਣੇ ਸਿਰ ਨੂੰ ਅਜੀਬ ਕੋਣਾਂ 'ਤੇ ਝੁਕਾਉਂਦੇ ਹਨ ਕਿਉਂਕਿ ਉਨ੍ਹਾਂ ਦੇ ਸ਼ੀਸ਼ੇ ਕੰਪਿਊਟਰ ਨੂੰ ਦੇਖਣ ਲਈ ਨਹੀਂ ਬਣਾਏ ਗਏ ਹਨ ਜਾਂ ਉਹ ਇਸਨੂੰ ਸਪਸ਼ਟ ਤੌਰ 'ਤੇ ਦੇਖਣ ਲਈ ਸਕ੍ਰੀਨ ਵੱਲ ਝੁਕਦੇ ਹਨ। ਉਹਨਾਂ ਦੇ ਆਸਣ ਦੇ ਨਤੀਜੇ ਵਜੋਂ ਮਾਸਪੇਸ਼ੀਆਂ ਵਿਚ ਕੜਵੱਲ ਜਾਂ ਗਰਦਨ, ਮੋਢੇ ਜਾਂ ਪਿੱਠ ਵਿਚ ਦਰਦ ਹੋ ਸਕਦਾ ਹੈ।

ਜ਼ਿਆਦਾਤਰ ਮਾਮਲਿਆਂ ਵਿੱਚ, CVS ਦੇ ਲੱਛਣ ਇਸ ਲਈ ਹੁੰਦੇ ਹਨ ਕਿਉਂਕਿ ਕੰਮ ਦੀਆਂ ਵਿਜ਼ੂਅਲ ਮੰਗਾਂ ਉਹਨਾਂ ਦੇ ਅਰਾਮਦੇਹ ਢੰਗ ਨਾਲ ਕਰਨ ਲਈ ਵਿਅਕਤੀ ਦੀਆਂ ਵਿਜ਼ੂਅਲ ਯੋਗਤਾਵਾਂ ਤੋਂ ਵੱਧ ਜਾਂਦੀਆਂ ਹਨ। CVS ਦੇ ਵਿਕਾਸ ਲਈ ਸਭ ਤੋਂ ਵੱਧ ਖਤਰਾ ਉਹ ਵਿਅਕਤੀ ਹੁੰਦੇ ਹਨ ਜੋ ਹਰ ਰੋਜ਼ ਕੰਪਿਊਟਰ 'ਤੇ ਦੋ ਜਾਂ ਵੱਧ ਘੰਟੇ ਬਿਤਾਉਂਦੇ ਹਨ ਜਾਂ ਡਿਜ਼ੀਟਲ ਸਕ੍ਰੀਨ ਡਿਵਾਈਸ ਦੀ ਵਰਤੋਂ ਕਰਦੇ ਹਨ।




ਚਿੱਤਰ 2 : ਕੰਪਿਊਟਰ ਦੀ ਵਰਤੋਂ ਲਈ ਸਰੀਰ ਦੀ ਸਹੀ ਸਥਿਤੀ।

**ਲੱਛਣ ਅਤੇ ਕਾਰਨ : CVS ਜਾਂ ਡਿਜ਼ੀਟਲ ਆਈਸਟ੍ਰੇਨ ਨਾਲ ਜੁੜੇ ਸਭ ਤੋਂ ਆਮ ਲੱਛਣ ਹਨ :**

★ ਆਈਸਟ੍ਰੇਨ
★ ਸਿਰਦਰਦ
★ ਧੁੰਦਲੀ ਨਜ਼ਰ
★ ਸੁੱਕੀਆਂ ਅੱਖਾਂ
★ ਗਰਦਨ ਅਤੇ ਮੋਢੇ ਦਾ ਦਰਦ

**ਇਹ ਲੱਛਣ ਇਹਨਾਂ ਕਾਰਨ ਹੋ ਸਕਦੇ ਹਨ :**

★ ਮਾੜੀ ਰੋਸ਼ਨੀ।
★ ਇੱਕ ਡਿਜ਼ੀਟਲ ਸਕ੍ਰੀਨ 'ਤੇ ਚਮਕ।
★ ਗਲਤ ਦੇਖਣ ਦੀ ਦੂਰੀ।
★ ਮਾੜੀ ਬੈਠਣ ਦੀ ਸਥਿਤੀ।
★ ਅਸੁਰੱਖਿਅਤ ਨਜ਼ਰ ਦੀਆਂ ਸਮੱਸਿਆਵਾਂ।
★ ਇਹਨਾਂ ਕਾਰਕਾਂ ਦਾ ਸੁਮੇਲ।

**ਨਿਦਾਨ ਅਤੇ ਟੈਸਟ (Diagnosis)**

★ CVS ਜਾਂ ਡਿਜ਼ੀਟਲ ਆਈਸਟ੍ਰੇਨ, ਦਾ ਨਿਦਾਨ ਅੱਖਾਂ ਦੀ ਵਿਆਪਕ ਜਾਂਚ ਦੁਆਰਾ ਕੀਤਾ ਜਾ ਸਕਦਾ ਹੈ। ਕੰਪਿਊਟਰ ਜਾਂ ਡਿਜ਼ੀਟਲ ਯੰਤਰ ਦੀ ਕੰਮ ਕਰਨ ਵਾਲੀ ਦੂਰੀ 'ਤੇ ਵਿਜ਼ੂਅਲ ਲੋੜਾਂ 'ਤੇ ਵਿਸ਼ੇਸ਼ ਜ਼ੋਰ ਦੇ ਨਾਲ ਟੈਸਟਿੰਗ ਵਿਚ ਸ਼ਾਮਲ ਹੋ ਸਕਦੇ ਹਨ :

★ **ਵਿਜ਼ੂਅਲ ਤੀਬਰਤਾ** : ਤੁਹਾਡੀ ਮੌਜੂਦਾ ਦ੍ਰਿਸ਼ਟੀ ਦੀ ਗੁਣਵੱਤਾ ਨੂੰ ਮਾਪਦਾ ਹੈ।

★ **ਰਿਫ੍ਰੈਕਸ਼ਨ** : ਸੰਭਾਵੀ ਲੈਂਸ ਨੁਸਖਿਆਂ ਦੀ ਜਾਂਚ ਕਰਦਾ ਹੈ ਜੋ ਤੁਹਾਡੀ ਨਜ਼ਰ ਨੂੰ ਅਨੁਕੂਲ ਬਣਾਉਣਗੇ।

★ **ਫੋਕਸ ਅਤੇ ਅੱਖਾਂ ਦਾ ਤਾਲਮੇਲ** : ਇਹ ਜਾਂਚ ਕਰਦਾ ਹੈ ਕਿ ਤੁਹਾਡੀਆਂ ਅੱਖਾਂ ਕਿੰਨੀ ਚੰਗੀ ਤਰ੍ਹਾਂ ਕੰਮ ਕਰਦੀਆਂ ਹਨ ਅਤੇ ਤੁਹਾਡੀਆਂ ਅੱਖਾਂ ਵਸਤੂਆਂ ਅਤੇ ਵੱਖ-ਵੱਖ ਦੂਰੀਆਂ 'ਤੇ ਕਿੰਨੀ ਜਲਦੀ ਅਤੇ ਸਹੀ ਢੰਗ ਨਾਲ ਫੋਕਸ ਕਰਨ ਦੇ ਯੋਗ ਹਨ।

ਆਮ ਅੱਖਾਂ ਅਤੇ ਨਜ਼ਰ ਵਾਲੇ ਲੋਕਾਂ ਲਈ, ਕੰਪਿਊਟਰ 'ਤੇ ਕੰਮ ਕਰਦੇ ਸਮੇਂ ਵਰਤੇ ਗਏ ਵਿਸ਼ੇਸ਼ ਤੌਰ 'ਤੇ ਡਿਜ਼ਾਈਨ ਕੀਤੇ ਐਨਕਾਂ ਦਾ ਇੱਕ ਸੈੱਟ ਬਹੁਤ ਮਦਦਗਾਰ ਹੋ ਸਕਦਾ ਹੈ। ਪਹਿਲਾਂ ਹੀ ਸੰਪਰਕ ਜਾਂ ਐਨਕਾਂ ਪਹਿਨਣ ਵਾਲੇ ਮਰੀਜ਼ਾਂ ਲਈ, ਨਵੇਂ, ਵਧੇਰੇ ਕੰਪਿਊਟਰ-ਅਨੁਕੂਲ ਨੁਸਖੇ ਉਪਲਬਧ ਹਨ। ਇਹਨਾਂ ਇਲਾਜ ਦੇ ਵਿਕਲਪਾਂ ਤੋਂ ਇਲਾਵਾ, ਬਹੁਤ ਸਾਰੀਆਂ ਚੀਜ਼ਾਂ ਹਨ ਜੋ ਅਸੀਂ ਕੰਪਿਊਟਰ ਦੀਆਂ ਅੱਖਾਂ ਦੇ ਤਣਾਅ ਦੀਆਂ ਸਮੱਸਿਆਵਾਂ ਨੂੰ ਘਟਾਉਣ ਲਈ ਸੁਝਾਅ ਦੇ ਸਕਦੇ ਹਾਂ :

★ **ਕੰਪਿਊਟਰ ਸੈਟਅਪ** : ਆਪਣੇ ਮਨੀਟਰ ਨੂੰ ਵਿਵਸਥਿਤ ਕਰੋ ਤਾਂ ਜੋ ਸਕ੍ਰੀਨ ਤੋਂ 20-28 ਇੰਚ ਦੂਰ ਬੈਠੇ ਹੋਣ 'ਤੇ ਇਹ ਤੁਹਾਡੀ ਅੱਖ ਦੇ ਪੱਧਰ ਤੋਂ ਲਗਭਗ 15-20 ਡਿਗਰੀ ਘੱਟ ਹੋਵੇ। ਸੰਦਰਭ ਨੂੰ ਮਨੀਟਰ ਅਤੇ ਕੀਬੋਰਡ ਦੇ ਵਿਚਕਾਰ, ਜਾਂ ਸਾਈਡ 'ਤੇ ਇਕ ਦਸਤਾਵੇਜ਼ ਧਾਰਕ 'ਤੇ ਰੱਖਿਆ ਜਾ ਸਕਦਾ ਹੈ, ਪਰ ਜਿੰਨਾ ਸੰਭਵ ਹੋ ਸਕੇ ਸਿਰ ਦੀ ਹਿੱਲਜੁਲ ਲਈ ਰੱਖਿਆ ਜਾ ਸਕਦਾ ਹੈ। ਆਲੇ ਦੁਆਲੇ ਦੀਆਂ ਲਾਈਟਾਂ ਤੋਂ ਚਮਕ ਘਟਾਉਣ ਵਿਚ ਮਦਦ ਕਰਨ ਲਈ ਆਪਣੇ ਮਨੀਟਰ ਲਈ ਇਕ ਐਂਟੀ-ਗਲੇਅਰ ਸਕ੍ਰੀਨ ਵਿਚ ਵੀ ਨਿਵੇਸ਼ ਕਰੋ। ਸਹੀ ਆਸਣ ਨਾਲ ਬੈਠਣਾ ਅਤੇ ਕੰਮ ਕਰਨਾ ਯਕੀਨੀ ਬਣਾਓ।

★ **ਰੋਸ਼ਨੀ ਨੂੰ ਵਿਵਸਥਿਤ ਕਰੋ** : ਜੇਕਰ ਤੁਸੀਂ ਕਰ ਸਕਦੇ ਹੋ, ਤਾਂ ਚਮਕ ਨੂੰ ਘੱਟ ਕਰਨ ਲਈ ਕਿਸੇ ਵੀ ਰੋਸ਼ਨੀ (ਜਾਂ ਤੁਹਾਡੇ ਕੰਪਿਊਟਰ) ਨੂੰ ਮੁੜ-ਸਥਾਪਿਤ ਕਰੋ ਅਤੇ ਜਦੋਂ ਵੀ ਸੰਭਵ ਹੋਵੇ ਕੁਦਰਤੀ ਰੋਸ਼ਨੀ ਦੀ ਵਰਤੋਂ ਕਰੋ।

★ **ਅੱਖਾਂ ਦਾ ਆਰਾਮ ਅਤੇ ਬਲਿੰਕਿੰਗ ਬ੍ਰੇਕ** : ਤੁਹਾਡੇ ਕੰਮ ਦੇ ਦੌਰਾਨ ਹਰ 20 ਮਿੰਟਾਂ ਵਿਚ, ਆਪਣੀਆਂ ਅੱਖਾਂ ਨੂੰ ਮੁੜ ਫੋਕਸ ਕਰਨ ਲਈ 20 ਸਕਿੰਟਾਂ ਲਈ ਦੂਰ ਦੇ ਬਿੰਦੂ ਵੱਲ ਵੇਖੋ, ਅਤੇ ਹਰੇਕ 2-ਘੰਟੇ ਦੇ ਕੰਪਿਊਟਰ ਸੈਸ਼ਨ ਤੋਂ ਬਾਅਦ ਉਹਨਾਂ ਨੂੰ 15 ਮਿੰਟ ਦਾ ਬ੍ਰੇਕ ਦਿਓ। ਆਪਣੀਆਂ ਅੱਖਾਂ ਨੂੰ ਨਮੀ ਰੱਖਣ ਲਈ ਅਕਸਰ ਝਪਕਣਾ ਯਾਦ ਰੱਖੋ।

**CVS ਸਮੱਸਿਆ ਦਾ ਹੱਲ** :

ਮਰੀਜ਼ ਦੇ ਕਿਸੇ ਵੀ ਲੱਛਣ ਦਾ ਪਤਾ ਲਗਾਉਣ ਲਈ ਮਰੀਜ਼ ਦਾ ਇਤਿਹਾਸ ਅਤੇ ਕਿਸੇ ਵੀ ਆਮ ਸਿਹਤ ਸਮੱਸਿਆਵਾਂ ਦੀ ਮੌਜੂਦਗੀ ਵਿੱਚ ਲਈਆਂ ਗਈਆਂ ਦਵਾਈਆਂ ਜਾਂ ਵਾਤਾਵਰਣਕ ਕਾਰਕ ਜੋ ਕੰਪਿਊਟਰ ਦੀ ਵਰਤੋਂ ਨਾਲ ਸੰਬੰਧਿਤ ਲੱਛਣਾਂ ਵਿਚ ਯੋਗਦਾਨ ਪਾ ਸਕਦੇ ਹਨ। ਕੁਝ ਕੰਪਿਊਟਰ ਉਪਭੋਗਤਾਵਾਂ ਨੂੰ ਅੱਖਾਂ ਦੇ ਫੋਕਸ ਕਰਨ ਜਾਂ ਅੱਖਾਂ ਤੇ ਤਾਲਮੇਲ ਨਾਲ ਸਮੱਸਿਆਵਾਂ ਦਾ ਅਨੁਭਵ ਹੁੰਦਾ ਹੈ ਜੋ ਐਨਕਾਂ ਜਾਂ ਸੰਪਰਕ ਲੈਂਸਾਂ ਨਾਲ ਸਹੀ ਢੰਗ ਨਾਲ ਠੀਕ ਨਹੀਂ ਕੀਤਾ ਜਾ ਸਕਦਾ ਹੈ। ਇਹਨਾਂ ਖਾਸ ਸਮੱਸਿਆਵਾਂ ਦੇ ਇਲਾਜ ਲਈ ਵਿਜ਼ਨ ਥੈਰੇਪੀ ਦੇ ਇੱਕ ਪ੍ਰੋਗਰਾਮ ਦੀ ਲੋੜ ਹੋ ਸਕਦੀ ਹੈ। ਵਿਜ਼ਨ ਥੈਰੇਪੀ, ਜਿਸ ਨੂੰ ਵਿਜ਼ੂਅਲ ਸਿਖਲਾਈ ਵੀ ਕਿਹਾ ਜਾਂਦਾ ਹੈ, ਵਿਜ਼ੂਅਲ ਗਤੀਵਿਧੀਆਂ ਦਾ ਇਕ ਢਾਂਚਾਗਤ ਪ੍ਰੋਗਰਾਮ ਹੈ ਜੋ ਵਿਜ਼ੂਅਲ ਯੋਗਤਾਵਾਂ ਨੂੰ ਬਿਹਤਰ ਬਣਾਉਣ ਲਈ ਨਿਰਧਾਰਤ ਕੀਤਾ ਗਿਆ ਹੈ। ਇਹ ਅੱਖਾਂ ਅਤੇ ਦਿਮਾਗ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਲਈ ਸਿਖਲਾਈ ਦਿੰਦਾ ਹੈ। ਇਹ ਅੱਖਾਂ ਦੀਆਂ ਕਸਰਤਾਂ ਅੱਖਾਂ ਦੀ ਗਤੀ, ਅੱਖ ਫੋਕਸ ਕਰਨ, ਅਤੇ ਅੱਖਾਂ ਦੀ ਟੀਮ ਬਣਾਉਣ ਵਿਚ ਕਮੀਆਂ ਨੂੰ ਦੂਰ ਕਰਨ ਵਿਚ ਮਦਦ ਕਰਦੀਆਂ ਹਨ ਅਤੇ ਅੱਖਾਂ-ਦਿਮਾਗ ਦੇ ਕਨੈਕਸ਼ਨ ਨੂੰ ਮਜ਼ਬੂਤ ਕਰਦੀਆਂ ਹਨ। ਇਲਾਜ ਵਿਚ ਦਫਤਰ-ਅਧਾਰਿਤ ਅਤੇ ਘਰੇਲੂ ਸਿਖਲਾਈ ਪ੍ਰਕਿਰਿਆਵਾਂ ਸ਼ਾਮਲ ਹੋ ਸਕਦੀਆਂ ਹਨ। ਕੰਪਿਊਟਰ ਦੀ ਵਰਤੋਂ ਲਈ ਸਰੀਰ ਦੀ ਸਹੀ ਸਥਿਤੀ। CVS ਦੇ ਲੱਛਣਾਂ ਨੂੰ ਰੋਕਣ ਜਾਂ ਘਟਾਉਣ ਲਈ ਕੁਝ ਮਹੱਤਵਪੂਰਨ ਕਾਰਕ ਕੰਪਿਊਟਰ ਅਤੇ ਇਸਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ। ਇਸ ਵਿਚ ਰੋਸ਼ਨੀ ਦੀਆਂ ਸਥਿਤੀਆਂ, ਕੁਰਸੀ ਦਾ ਆਰਾਮ, ਸੰਦਰਭ ਸਮੱਗਰੀ ਦੀ ਸਥਿਤੀ, ਮਨੀਟਰ ਦੀ ਸਥਿਤੀ ਅਤੇ

ਬਾਕੀ ਸਫਾ 10 'ਤੇ

# ਜੂਨ ਮਹੀਨੇ ਦੇ ਖੇਤੀ ਰੁਝੇਵੇਂ

**ਸੰਯੋਜਕ** : ਅਮਰਜੀਤ ਸਿੰਘ। **ਸੰਗ੍ਰਹਿ ਕਰਤਾ** : ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਜਸਪਾਲ ਸਿੰਘ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ।

ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ।

**ਡੇਅਰੀ ਫਾਰਮਿੰਗ** : ਮੱਝਾਂ ਵਿੱਚ ਗਰਮੀ ਦੇ ਮਹੀਨਿਆਂ ਵਿੱਚ ਗੂੰਗੇ ਹੇਹੇ ਦੀ ਮੁਸ਼ਕਿਲ ਆ ਜਾਂਦੀ ਹੈ। ਸਵੇਰੇ-ਸਵੇਰੇ ਅਤੇ ਸ਼ਾਮ ਵੇਲੇ ਹੇਹੇ ਦੀਆਂ ਨਿਸ਼ਾਨੀਆਂ ਨੂੰ ਧਿਆਨ ਨਾਲ ਵੇਖਣਾ ਚਾਹੀਦਾ ਹੈ। ਜੇ ਮੱਝਾਂ ਤਾਰਾਂ ਕਰਦੀਆਂ ਹਨ ਤਾਂ ਇਹ ਹੇਹੇ ਦੀ ਨਿਸ਼ਾਨੀ ਹੈ। ਪਸ਼ੂਆਂ ਨੂੰ ਹੇਹੇ ਵਿਚ ਆਉਣ ਦੇ 10-12 ਘੰਟੇ ਬਾਅਦ ਗਰਭਦਾਨ ਕਰਵਾਓ। ਜੇ ਪਸ਼ੂਆਂ ਨੂੰ ਗਲ-ਘੋਟੂ ਅਤੇ ਪੱਟ-ਸੋਜ



ਦੇ ਟੀਕੇ ਨਾ ਲਗਵਾਏ ਹੋਣ ਤਾਂ ਇਹ ਬਿਮਾਰੀਆਂ ਵੱਡਾ ਨੁਕਸਾਨ ਕਰ ਸਕਦੀਆਂ ਹਨ। ਸੋ ਜੇ ਟੀਕੇ ਪਹਿਲਾਂ ਨਹੀਂ ਲਵਾਏ ਤਾਂ ਲਵਾ ਲੈਣੇ ਚਾਹੀਦੇ ਹਨ। ਪਸ਼ੂਆਂ ਨੂੰ ਚਿੱਚੜਾਂ, ਜੂੰਆਂ ਅਤੇ ਮੱਖੀਆਂ ਤੋਂ ਬਚਾਉਣਾ ਚਾਹੀਦਾ ਹੈ। ਸੋ, ਇਨ੍ਹਾਂ ਦੇ ਖਾਤਮੇ ਲਈ ਡਾਕਟਰ ਦੀ ਸਲਾਹ ਨਾਲ ਦਵਾਈ ਦਾ ਸਹੀ ਇਸਤੇਮਾਲ ਕਰਨਾ ਚਾਹੀਦਾ ਹੈ। ਇਸ ਮੌਸਮ ਵਿੱਚ ਪਸ਼ੂਆਂ ਨੂੰ ਹਵਾਦਾਰ ਸ਼ੈਡ ਅੰਦਰ ਰੱਖੋ। ਉਨ੍ਹਾਂ ਨੂੰ ਠੰਢਾ ਅਤੇ ਤਾਜ਼ਾ ਪਾਣੀ ਦਿਉ। ਵਧੇਰੇ ਦੁੱਧ ਦੇਣ ਵਾਲੇ ਪਸ਼ੂਆਂ ਦਾ ਇਸ ਮੌਸਮ ਵਿੱਚ ਖਾਸ ਖਿਆਲ ਰੱਖਣਾ ਚਾਹੀਦਾ ਹੈ। ਜੇ ਲੋੜ ਹੋਵੇ ਤਾਂ ਸ਼ੈਡ ਅੰਦਰ ਕੂਲਰ ਅਤੇ ਛੱਤ ਵਾਲੇ ਪੱਖੇ ਮੁਹੱਈਆ ਕਰਨੇ ਚਾਹੀਦੇ ਹਨ ਤਾਂ ਜੋ ਲੋੜੀਂਦਾ ਤਾਪਮਾਨ ਬਰਕਰਾਰ ਰੱਖਿਆ ਜਾ ਸਕੇ। ਜੇ ਗਰਮੀ ਨਾਲ ਪਸ਼ੂ ਦੀ ਨਕਸੀਰ ਫੁੱਟ ਜਾਵੇ ਤਾਂ ਉਸ ਦਾ ਸਿਰ ਉੱਪਰ ਚੁੱਕ ਕੇ ਬਰਫ ਵਾਲਾ ਠੰਢਾ ਪਾਣੀ ਸਿਰ ਉੱਪਰ ਪਾਉਣਾ ਚਾਹੀਦਾ ਹੈ। ਜੇ ਪਸ਼ੂਆਂ ਦਾ ਤਾਪ ਵੱਧਦਾ ਹੋਵੇ ਤਾਂ ਨੇੜੇ ਦੀ ਲੈਬਾਰਟਰੀ ਤੋਂ ਖੂਨ ਟੈਸਟ ਕਰਵਾਉਣਾ ਚਾਹੀਦਾ ਹੈ। ਪਸ਼ੂਆਂ ਨੂੰ ਖੁਰਾਕ ਠੰਡੇ ਵੇਲੇ, ਭਾਵ ਸਵੇਰੇ ਅਤੇ ਸ਼ਾਮ ਨੂੰ ਪਾਓ।

**ਮੁਰਗੀ ਪਾਲਣ** : ਪਾਣੀ ਦੀ ਵਧਦੀ ਹੋਈ ਮੰਗ ਦੇਖਦੇ ਹੋਏ ਪਾਣੀ ਵਾਲੇ ਬਰਤਨਾਂ ਦੀ ਗਿਣਤੀ ਦੁੱਗਣੀ ਕਰ ਦੇਣੀ ਚਾਹੀਦੀ ਹੈ। ਪਾਣੀ ਨੂੰ ਜ਼ਿਆਦਾ ਵਾਰ ਬਦਲਣਾ ਚਾਹੀਦਾ ਹੈ। ਤਾਂ ਜੋ ਮੁਰਗੀਆਂ ਨੂੰ ਠੰਢਾ ਪਾਣੀ ਮਿਲ ਸਕੇ। ਸ਼ੈਡ ਵਿਚ ਫੁਹਾਰੇ ਅਤੇ ਕੂਲਰ ਲਗਾਓ। ਸ਼ੈਡ ਦੇ ਆਲੇ-ਦੁਆਲੇ ਰੁੱਖ ਲਗਾਉਣੇ ਚਾਹੀਦੇ ਹਨ ਕਿਉਂਕਿ ਹਰਿਆਵਲ ਗਰਮੀ ਨੂੰ ਘਟਾਉਂਦੀ ਹੈ। ਸ਼ੈਡ ਦੀ ਛੱਤ ਨੂੰ ਚਿੱਟੀ ਕਲੀ ਕਰ ਦੇਣੀ ਚਾਹੀਦੀ ਹੈ ਤਾਂ ਜੋ ਗਰਮੀ ਦੇ ਅਸਰ ਨੂੰ ਘੱਟ ਕੀਤਾ ਜਾ ਸਕੇ। ਖੁਰਾਕ ਵਿੱਚ ਪ੍ਰੋਟੀਨ, ਧਾਤਾਂ, ਇਲੈਕਟਰੋਲਾਈਟ ਅਤੇ ਵਿਟਾਮਿਨ ਦੀ ਮਾਤਰਾ ਵਧਾ ਦੇਣੀ ਚਾਹੀਦੀ ਹੈ ਤਾਂ ਜੋ ਮੁਰਗੀਆਂ ਨੂੰ ਲੋੜੀਂਦੇ ਤੱਤ ਮਿਲ ਸਕਣ। ਵੱਧ ਰਹੀਆਂ ਪੱਠਾਂ (6-10 ਹਫਤੇ) ਨੂੰ ਦਿਨ ਦੀ ਰੌਸ਼ਨੀ ਹੀ ਦੇਣੀ ਚਾਹੀਦੀ ਹੈ ਪਰ ਅੰਡੇ ਦੇ ਰਹੀਆਂ ਮੁਰਗੀਆਂ ਨੂੰ ਤੜਕੇ ਸਵੇਰੇ ਅਤੇ ਰਾਤ ਨੂੰ ਬਲਬਾਂ ਦੀ ਰੌਸ਼ਨੀ ਦੇ ਕੇ 16 ਘੰਟੇ ਰੌਸ਼ਨੀ ਪੂਰੀ ਕਰ ਦੇਣੀ ਚਾਹੀਦੀ ਹੈ। ਛੱਤ ਉੱਪਰ ਸਰਕੰਡੇ ਦੀ 2 ਇੰਚ ਮੋਟੀ ਤਹਿ ਵਿਛਾਓ ਤਾਂ ਜੋ ਸ਼ੈਡ ਅੰਦਰਲੇ ਤਾਪਮਾਨ ਨੂੰ ਘਟਾਇਆ ਜਾ ਸਕੇ। 6-8 ਹਫਤੇ ਦੀ ਉਮਰ ਤੇ ਪੱਠਾਂ ਨੂੰ ਰਾਣੀ ਖੇਤ ਦੇ ਆਰ-2 ਬੀ ਟੀਕੇ ਲਗਾਉਣੇ ਚਾਹੀਦੇ ਹਨ। ਇਹ ਦਵਾਈ ਪਾਣੀ ਜਾਂ ਲੱਸੀ ਵਿੱਚ ਨਹੀਂ ਪਿਲਾਉਣੀ ਚਾਹੀਦੀ। ਟੀਕੇ ਲੱਗੀਆਂ ਮੁਰਗੀਆਂ ਨੂੰ ਵਿਟਾਮਿਨ ਪਾਣੀ ਵਿੱਚ ਦੇਣੇ ਚਾਹੀਦੇ ਹਨ ਤਾਂ ਜੋ ਟੀਕਿਆਂ ਦੇ ਮਾੜੇ ਅਸਰ ਨੂੰ ਘਟਾਇਆ ਜਾ ਸਕੇ। ਜੇ ਅੰਡਿਆਂ ਦੀ ਪੈਦਾਵਾਰ ਵਿੱਚ ਅਚਾਨਕ ਗਿਰਾਵਟ ਆ ਜਾਵੇ ਤਾਂ ਮੁਰਗੀਆਂ ਦੇ ਮਾਹਿਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਸੁੱਕ ਵਿਧੀ ਸਿਸਟਮ ਵਿੱਚ ਮੁਰਗੀਆਂ ਨੂੰ ਸਮੇਂ ਸਿਰ ਮਲ੍ਹੱਪ ਰਹਿਤ ਕਰੋ। ਮੁਰਗੀਆਂ ਨੂੰ ਖੁਰਾਕ ਠੰਡੇ ਸਮੇਂ ਭਾਵ ਸਵੇਰੇ ਅਤੇ ਸ਼ਾਮ ਨੂੰ ਪਾਓ ਅਤੇ ਫੀਡ ਵਿਚ ਤੇਲ ਦੀ ਮਾਤਰਾ 1-2% ਤੱਕ ਵਧਾ ਦਿਓ ਤਾਂ ਜੋ ਗਰਮੀਆਂ ਵਿਚ ਊਰਜਾ ਦੀ ਲੋੜ ਨੂੰ ਪੂਰਾ ਕੀਤਾ ਜਾ ਸਕੇ। ਛੱਤ ਉੱਪਰ ਪਾਣੀ ਦੀ ਟੈਂਕੀ ਪੂਰੀ ਨਾ ਭਰੋ। ਪਾਣੀ ਵਿਚ 250 ਮਿਲੀਲਿਟਰ ਸਿਰਕਾ ਅਤੇ 120 ਮਿਲੀਲਿਟਰ ਸੈਨੀਟਾਈਜ਼ਰ 100 ਲਿਟਰ ਪਾਣੀ ਵਿਚ ਪਾਓ ਜੋ ਬਿਮਾਰੀ ਪੈਦਾ ਕਰਨ ਵਾਲੇ ਕੀਟਾਣੂਆਂ ਦਾ ਖਾਤਮਾ ਕੀਤਾ ਜਾ ਸਕੇ ਅਤੇ 10 ਗ੍ਰਾਮ ਨਸ਼ਾਦਰ 100 ਲਿਟਰ ਪਾਣੀ ਵਿਚ ਪਾਓ ਤਾਂ ਜੋ ਪਾਣੀ ਵਿਚ ਠੰਡਕ ਪੈਦਾ ਕੀਤੀ ਜਾ ਸਕੇ।

**ਸ਼ਹਿਦ ਦੀਆਂ ਮੱਖੀਆਂ ਪਾਲਣਾ** : ਇਸ ਮੌਸਮ ਵਿੱਚ ਸ਼ਹਿਦ ਦੀਆਂ ਮੱਖੀਆਂ ਨੂੰ ਗਰਮੀ ਤੋਂ ਬਚਾਉਣ ਲਈ ਕਟੁੰਬਾਂ ਨੂੰ ਸੰਘਣੀ ਛਾਂ ਵਿੱਚ ਰੱਖਣ ਦਾ ਪ੍ਰਬੰਧ ਕਰੋ। ਸੰਘਣੀ ਛਾਂ ਵਾਲੇ ਦਰੱਖਤਾਂ ਦੀ ਅਣਹੋਂਦ ਵਿਚ ਸ਼ੇਡ-ਨੈਟ ਆਦਿ ਨਾਲ ਛਾਂ ਦਾ ਪ੍ਰਬੰਧ ਕਰੋ। ਪਾਣੀ ਦੀ ਵਧੀ ਹੋਈ ਜ਼ਰੂਰਤ ਨੂੰ ਪੂਰਾ ਕਰਨ ਲਈ ਟਿਊਬਵੈੱਲ ਦੇ ਪਾਣੀ ਵਾਲੇ ਟੈਂਕ ਵਿੱਚ ਛੋਟੀਆਂ-ਛੋਟੀਆਂ ਟਹਿਣੀਆਂ ਜਾਂ ਫੱਟੀਆਂ ਦੇ ਟੁਕੜੇ ਸੁੱਟ ਦਿਉ, ਜਿਨ੍ਹਾਂ ਉੱਪਰ ਬੈਠ ਕੇ ਮੱਖੀਆਂ ਪਾਣੀ ਪੀ ਸਕਣ। ਪਾਣੀ ਦੀ ਜ਼ਰੂਰਤ ਕਲੋਨੀਆਂ ਹੇਠ ਰੱਖੇ ਸਟੈਂਡ ਦੇ ਪਾਵਿਆਂ ਹੇਠ ਪਾਣੀ ਦੇ ਠੂਠਲੇ ਰੱਖ ਕੇ ਵੀ ਪੂਰੀ ਕੀਤੀ ਜਾ ਸਕਦੀ ਹੈ। ਜਿਸ ਦਾ ਇੱਕ ਹੋਰ ਫਾਇਦਾ ਕਟੁੰਬਾਂ ਨੂੰ ਕੀੜਿਆਂ ਤੋਂ ਬਚਾਉਣਾ ਵੀ ਹੈ। ਕਟੁੰਬਾਂ ਨੂੰ ਹਵਾਦਾਰ ਬਣਾਉਣ ਲਈ ਹੇਠਲੇ ਫੱਟੇ ਅਤੇ ਬਰੂਡ ਚੈਂਬਰ ਦੇ ਵਿਚਕਾਰ ਜਾਂ ਬਰੂਡ ਚੈਂਬਰ ਅਤੇ ਸੁਪਰ ਚੈਂਬਰ ਵਿਚਕਾਰ ਪਤਲੇ ਪਤਲੇ



ਡੱਕੇ ਰੱਖ ਕੇ ਝੀਥ ਬਣਾਈ ਜਾ ਸਕਦੀ ਹੈ, ਜਿਸ ਵਿੱਚੋਂ ਹਵਾ ਤਾਂ ਨਿਕਲ ਸਕੇ ਪ੍ਰੰਤੂ ਮੱਖੀ ਨਾ ਨਿਕਲ ਸਕੇ। ਬਰੂਡ ਚੈਂਬਰ ਨੂੰ ਬੌਟਮ ਬੋਰਡ ਤੋਂ ਥੋੜ੍ਹਾ ਹਿਲਾ ਕੇ ਅਤੇ ਇਸੇ ਤਰ੍ਹਾਂ ਸੁਪਰ ਚੈਂਬਰ ਨੂੰ ਬਰੂਡ ਤੋਂ ਥੋੜ੍ਹਾ ਹਿਲਾ ਕੇ ਵੀ ਕਟੁੰਬਾਂ ਨੂੰ ਹਵਾਦਾਰ ਬਣਾਉਣ ਲਈ ਬਰੀਕ ਮੱਖੀ-ਟਾਈਟ ਝੀਥ ਬਣਾਈ ਜਾ ਸਕਦੀ ਹੈ। ਅੰਦਰਲੇ ਢੱਕਣ ਦੇ ਵਿਚਕਾਰ ਹਵਾਦਾਰੀ ਵਾਲੇ ਛੇਕ ਤੇ ਫਿਰ ਕੀਤੀ ਜਾਲੀ ਬਿਲਕੁਲ ਸਾਫ ਰੱਖੋ। ਇਸ ਮੌਸਮ ਦੌਰਾਨ ਸੂਰਜਮੁਖੀ ਫਸਲ ਦਾ ਪੱਕਿਆ ਹੋਇਆ ਸ਼ਹਿਦ ਕਟੁੰਬਾਂ ਦੇ ਬਰੂਡ-ਰਹਿਤ ਛੱਤਿਆਂ ਵਿੱਚੋਂ ਤਰਜੀਹ ਦੇ ਤੌਰ ਤੇ ਸੁਪਰ ਚੈਂਬਰ ਵਿਚੋਂ ਕੱਢ ਲੈਣਾ ਚਾਹੀਦਾ ਹੈ। ਨੈਕਟਰ ਦੀ ਆਮਦ ਦੌਰਾਨ ਬਰੂਡ ਚੈਂਬਰ ਅਤੇ ਸੁਪਰ ਚੈਂਬਰ ਵਿਚਾਲੇ ਲੇਟਵੀਂ ਰਾਣੀ ਨਿਖੇੜੂ ਜਾਲੀ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਰੋਬਿੰਗ (ਮੱਖੀਆਂ ਦੁਆਰਾ ਖੁਰਾਕ ਦੀ ਲੁੱਟ) ਦੀ ਸਮੱਸਿਆ ਤੋਂ ਬਚਣ ਲਈ ਸ਼ਹਿਦ ਕੱਢਣ ਦੌਰਾਨ ਅਤੇ ਬਾਅਦ ਵਿਚ ਸਾਰੇ ਸਬੰਧਤ ਲੋੜੀਂਦੇ ਇਹਤਿਆਤ ਵਰਤਣੇ ਚਾਹੀਦੇ ਹਨ।

**ਖੁੰਬਾਂ ਦੀ ਕਾਸ਼ਤ** : ਬਟਨ ਖੁੰਬ ਅਤੇ ਢੀਂਗਰੀ ਖੁੰਬ ਦੀ ਕਾਸ਼ਤ (ਸਤੰਬਰ-ਮਾਰਚ) ਲਈ ਇਸ ਮਹੀਨੇ ਦੌਰਾਨ ਤਾਜ਼ੀ ਤੂੜੀ ਨੂੰ ਜਮ੍ਹਾ ਕਰੋ। ਬਟਨ ਅਤੇ ਮਿਲਕੀ ਖੁੰਬ ਦੀ ਕੇਸਿੰਗ ਮਿੱਟੀ ਬਣਾਉਣ ਲਈ ਚੰਗੀ ਤਰ੍ਹਾਂ ਗਲੀ ਹੋਈ ਰੂੜੀ ਖਾਦ ਨੂੰ ਸੁੱਕੀ ਥਾਂ ਤੇ ਜਮਾਂ ਕਰਕੇ ਰੱਖੋ। ਪਰਾਲੀ ਦੇ ਪੂਲਿਆਂ (1.5 ਕਿਲੋ) ਦੀ ਵਰਤੋਂ ਕਰਕੇ ਜੂਨ ਮਹੀਨੇ ਵਿਚ ਪਰਾਲੀ ਖੁੰਬ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਪਰਾਲੀ ਦੇ ਬੈੱਡਾਂ ਤੇ ਰੋਜ਼ਾਨਾ ਦੋ ਵਾਰ ਪਾਣੀ ਦਾ ਛਿੜਕਾਅ ਕਰੋ। ਇਸ ਤਰਾਂ ਫਸਲ ਤੁੜਾਈ ਇਕ ਮਹੀਨੇ ਤੱਕ ਜਾਰੀ ਰਹਿੰਦੀ ਹੈ ਮਿਲਕੀ ਖੁੰਬ ਦੇ ਲਿਫਾਫੇ ਜਿਨ੍ਹਾਂ ਵਿਚ ਰੇਸ਼ਾ ਪੂਰੀ ਤਰ੍ਹਾਂ ਫੈਲਿਆ ਹੋਵੇ, 1 ਇੰਚ ਮੋਟੀ ਕੇਸਿੰਗ ਮਿੱਟੀ (ਕੀਟਾਣੂੰ ਰਹਿਤ ਰੂੜੀ ਖਾਦ ਅਤੇ ਰੇਤਲੀ ਮਿਟੀ 4:1) ਦੀ ਪਰਤ ਵਿਛਾ ਦਿਓ। ਕੇਸਿੰਗ ਮਿੱਟੀ ਦੀ ਵਰਤੋਂ ਤੋਂ ਬਾਅਦ, ਰੋਜ਼ਾਨਾ ਲਿਫਾਫਿਆਂ ਨੂੰ ਪਾਣੀ ਦਿਉ ਅਤੇ ਕੇਸਿੰਗ ਕੀਤੇ ਲਿਫਾਫਿਆਂ ਵਿਚ 15-17 ਦਿਨਾਂ ਬਾਅਦ ਮਿਲਦੀ ਖੁੰਬ ਦੇ ਕਿਣਕੇ ਨਜ਼ਰ ਆਉਣੇ ਸ਼ੁਰੂ ਹੋ ਜਾਂਦੇ ਹਨ। ਇਸ ਤਰ੍ਹਾਂ ਮਿਲਕੀ ਖੁੰਬ ਦੀ ਫਸਲ ਦੀ ਤੁੜਾਈ 30-40 ਦਿਨਾਂ ਤੱਕ ਜਾਰੀ ਰਹਿੰਦੀ ਹੈ।

# ਬੇਮੌਸਮੀ ਸਬਜ਼ੀਆਂ ਦੀ ਕਾਸ਼ਤ ਨਾਲ ਕਿਸਾਨ ਹੋ ਸਕਦੇ ਹਨ ਮਾਲੋ-ਮਾਲ

ਪੰਜਾਬ ਵਿਚ ਬਹੁਤ ਗਿਣਤੀ ਕਿਸਾਨ ਅਤੇ ਸਬਜ਼ੀ ਕਾਸ਼ਤਕਾਰ ਪਨੀਰੀ ਰਾਹੀਂ ਪੈਦਾ ਹੋਣ ਵਾਲੀਆਂ ਫਸਲਾਂ ਦੀ ਬਿਜਾਈ ਕਰਨ ਲਈ ਬਾਜ਼ਾਰ ਵਿਚੋਂ ਤਿਆਰ ਪਨੀਰੀ ਅਤੇ ਵੇਲਾਂ ਖਰੀਦ ਕੇ ਖੇਤਾਂ 'ਚ ਬੀਜਦੇ ਹਨ। ਜਿਵੇਂ ਕਿ ਬਾਗਬਾਨੀ ਨਾਲ ਸੰਬੰਧਤ ਬੂਟਿਆਂ ਦੀਆਂ ਕਲਮਾਂ, ਗਰਮੀ ਰੁੱਤ ਦੀਆਂ ਸਬਜ਼ੀਆਂ ਦੀ ਕਾਸ਼ਤ ਕਰਨ ਲਈ ਪਨੀਰੀ, ਕਈ ਕਿਸਮ ਦੇ ਕੱਦੂ ਜਾਤੀ ਦੀਆਂ ਤਿਆਰ ਵੇਲਾਂ ਕਿਸਾਨਾਂ ਨੂੰ ਬਜ਼ਾਰ ਵਿਚੋਂ ਮਿਲਦੀਆਂ ਹਨ।

ਇਸ ਤੋਂ ਬਿਨ੍ਹਾਂ ਮਿਰਚਾਂ, ਕਰੇਲੇ, ਗੋਭੀ, ਪਿਆਜ਼ ਆਦਿ ਵਰਗੀਆਂ ਬਹੁਤ ਸਾਰੀਆਂ ਅਜਿਹੀਆਂ ਕਿਸਮਾਂ ਹਨ। ਜਿਨ੍ਹਾਂ ਦੀ ਕਾਸ਼ਤ ਕਰਕੇ ਅੱਗੇ ਵੇਖਣ ਦਾ ਵਧੀਆ ਕਾਰੋਬਾਰ ਕੀਤਾ ਜਾ ਸਕਦਾ ਹੈ। ਕੱਦੂ ਜਾਤੀ ਦੀਆਂ ਤਿੰਨ/ਚਾਰ ਪੱਤਿਆਂ ਤੱਕ ਪਹੁੰਚਣ ਵਾਲੀਆਂ ਵੇਲ੍ਹਾਂ ਆਮ ਹੀ ਬਾਜ਼ਾਰ ਵਿਚ ਮਿਲਦੀਆਂ ਹਨ। ਜਿਨ੍ਹਾਂ ਨੂੰ ਅਗੇਤੀਆਂ ਹੀ ਸ਼ੈਡਾਂ/ਪਲਾਸਟਿਕ ਦੀਆਂ ਸ਼ੀਟਾਂ ਆਦਿ ਹੇਠਾਂ ਸਰਦੀ ਤੇ ਮੌਸਮ ਵਿਚ ਹੀ ਉਗਾਇਆ ਜਾਂਦਾ ਹੈ, ਕਿਉਂਕਿ ਗਰਮ ਰੁੱਤ ਦੀਆਂ ਫਸਲਾਂ ਨੂੰ ਠੰਢਾ ਮੌਸਮ ਉੱਗਣ ਨਹੀਂ ਦਿੰਦਾ।

ਜੇਕਰ ਇਨ੍ਹਾਂ ਸਬਜ਼ੀਆਂ ਨੂੰ ਪੈਦਾ ਕਰਕੇ ਸਿਆਲ ਵਿਚ ਵੇਚਿਆ ਜਾਵੇ ਕਿ ਕਿਸਾਨਾਂ ਨੂੰ ਵਧੀਆ ਮੁੱਲ ਮਿਲ ਸਕਦਾ ਹੈ। ਗਰਮੀ ਰੁੱਤ ਦੀਆਂ ਸਬਜ਼ੀਆਂ ਨੂੰ ਠੰਡ ਦੇ ਮੌਸਮ ਵਿਚ ਪੈਦਾ ਕਰਨ ਦੀ ਵਿਗਿਆਨਕਾਂ ਨੇ ਖੋਜ ਕੀਤੀ ਹੈ। ਜਿਸ ਦੌਰਾਨ ਕੱਦੂ ਜਾਤੀ ਦੀਆਂ ਸਬਜ਼ੀਆਂ ਸਿਆਲ ਵਿਚ ਪੈਦਾ ਕੀਤੀਆਂ ਜਾ ਸਕਦੀਆਂ



ਹਨ। ਇਸ ਤਕਨੀਕ ਰਾਹੀਂ ਕਿਸਾਨ ਸਰਦੀ ਦੇ ਮੌਸਮ ਵਿਚ ਖੀਰਾ, ਕਕੜੀ, ਤਰਬੂਜ਼, ਖਰਬੂਜਾ, ਟਿੰਡਾ ਆਦਿ ਵਰਗੀਆਂ ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਕਾਸ਼ਤ ਕਰ ਸਕਦੇ ਹਨ।

ਆਮ ਤੌਰ 'ਤੇ ਕਿਸਾਨ ਸਰਦੀਆਂ ਵਿਚ ਕੱਦੂ ਜਾਤੀ ਦੀਆਂ ਵੇਲਾਂ ਨੂੰ ਠੰਡ ਤੋਂ ਬਚਾਉਣ ਲਈ ਖਾਦਾਂ ਅਤੇ ਪਰਾਲੀ ਵਗੈਰਾ ਦਾ ਪ੍ਰਬੰਧ ਕਰਦੇ ਹਨ। ਜਿਹੜਾ ਜ਼ਿਆਦਾ ਖਰਚ ਅਤੇ ਮਿਹਨਤ ਵਾਲਾ ਕੰਮ ਹੈ। ਇਹ ਢੰਗ ਜ਼ਿਆਦਾ ਵਧੀਆ ਨਾ ਹੋਣ ਕਰਕੇ ਵੇਲਾਂ ਦਾ ਵਿਕਾਸ ਥੋੜ੍ਹਾ ਹੁੰਦਾ ਹੈ। ਜਿਸ ਕਰਕੇ ਕਿਸਾਨਾਂ ਨੂੰ ਅਗੇਤੀ ਫਸਲ ਲੈਣ ਦਾ ਕੋਈ ਬਹੁਤਾ ਲਾਭ ਨਹੀਂ ਹੁੰਦਾ। ਖੇਤੀ ਮਾਹਿਰਾਂ ਨੇ ਪਲਾਸਟਿਕ ਸ਼ੀਟ ਦੇ ਅੰਦਰ ਗਰਮੀ ਰੁੱਤ ਦੀਆਂ ਸਬਜ਼ੀਆਂ ਬੀਜਣ ਨੂੰ ਤਰਜੀਹ ਦਿੱਤੀ ਹੈ। ਇਸ ਨੂੰ ਆਮ ਤੌਰ 'ਤੇ ਪੌਲੀਥੀਨ ਹਾਊਸ ਕਿਹਾ ਜਾਂਦਾ ਹੈ। ਗਰਮੀ ਰੁੱਤ ਦੀਆਂ ਸਬਜ਼ੀਆਂ ਬੀਜਣ ਲਈ ਅੱਧਾ ਫੁੱਟ ਡੂੰਘੀ ਅਤੇ ਦੋ ਫੁੱਟ ਚੌੜੀ ਕਿਆਰੀ ਤਿਆਰ ਕੀਤੀ ਜਾਂਦੀ ਹੈ। ਜਿਸ ਵਿਚ 10 ਤੋਂ ਲੈ ਕੇ 20 ਦਸੰਬਰ ਤੱਕ ਬੀਜ ਬੀਜੇ ਜਾਂਦੇ ਹਨ।

ਬੀਜਾਂ ਨੂੰ ਬੀਜਣ ਤੋਂ ਪਹਿਲਾਂ ਕਿਆਰੀਆਂ ਵਿਚ ਲੋੜੀਂਦੀ ਦੇਸੀ ਖਾਦ ਜ਼ਰੂਰ ਪਾ ਦੇਣੀ ਚਾਹੀਦੀ ਹੈ। ਜੇਕਰ ਪੌਲੀਥੀਨ ਹਾਊਸ ਪੱਕੇ ਤੌਰ 'ਤੇ ਨਾ ਬਣਾਇਆ ਹੋਵੇ ਤਾਂ 6 ਐਮ. ਐਮ. ਦੇ ਸਰੀਏ ਗੋਲ ਮੋੜ ਕੇ ਡੇਢ ਮੀਟਰ ਦੇ ਫਾਸਲੇ 'ਤੇ ਲਗਾ ਕੇ 40 ਮਾਈਕ੍ਰੋਨ ਦੀ ਪਾਰਦਰਸ਼ੀ ਸ਼ੀਟ 'ਤੇ ਪਾ ਦੇਣੀ ਚਾਹੀਦੀ ਹੈ। ਧਿਆਨ ਰੱਖਣਯੋਗ ਗੱਲ ਹੈ ਕਿ ਉੱਤਰ ਦਿਸ਼ਾ ਵਾਲੇ ਪਾਸਿਓਂ ਸ਼ੀਟ ਨੂੰ ਮਿੱਟੀ ਨਾਲ ਚੰਗੀ ਤਰ੍ਹਾਂ ਦੱਬ ਦੇਣਾ ਚਾਹੀਦਾ ਹੈ ਅਤੇ ਦੱਖਣ ਵਾਲਾ ਪਾਸਾ ਕੁਝ ਦਿਨਾਂ ਬਾਅਦ ਦੱਬ ਦਿਉ। ਜ਼ਿਆਦਾਤਰ ਠੰਢੀਆਂ ਹਵਾਵਾਂ ਉੱਤਰ ਵਾਲੇ ਪਾਸਿਓਂ ਆਉਂਦੀਆਂ ਹਨ। ਜਿਸ ਕਰਕੇ ਪੋਲੀਥੀਨ ਸ਼ੀਟ ਚੰਗੀ ਤਰ੍ਹਾਂ ਦੱਬ ਦੇਣੀ ਚਾਹੀਦੀ ਹੈ।

ਫਰਵਰੀ ਮਹੀਨੇ ਵਿਚ ਮੌਸਮ ਤਬਦੀਲ ਹੋਣ ਕਰਕੇ ਦਿਨ ਸਮੇਂ ਸ਼ੀਟ ਚੁੱਕ ਦੇਣੀ ਚਾਹੀਦੀ ਹੈ ਅਤੇ ਰਾਤ ਨੂੰ ਦੁਬਾਰਾ ਫੇਰ ਪਾ ਦਿਓ। ਇਸ ਢੰਗ ਨਾਲ ਕਿਸਾਨ ਫਰਵਰੀ-ਮਾਰਚ ਦੇ ਮਹੀਨੇ ਕੱਦੂ ਜਾਤੀ ਦੀਆਂ ਅਗੇਤੀਆਂ ਸਬਜ਼ੀਆਂ ਪੈਦਾ ਕਰਕੇ ਵੱਧ ਮੁਨਾਫਾ ਲੈ ਸਕਦੇ ਹਨ। ਪਲਾਸਟਿਕ ਸ਼ੀਟ ਦੀ ਵਰਤੋਂ ਕਰਨ ਨਾਲ ਗਰਮੀ ਰੁੱਤ ਦੀਆਂ ਸਬਜ਼ੀਆਂ ਖੀਰਾ, ਕਕੜੀ ਆਦਿ ਫਸਲ ਨਾਲੋਂ 45 ਦਿਨ ਪਹਿਲਾਂ ਤਿਆਰ ਹੋ ਜਾਂਦੀਆਂ ਹਨ। ਜਿਸ ਕਰਕੇ ਕਿਸਾਨ ਗਰਮੀ-ਸਰਦੀ ਵਾਲੀਆਂ ਅਗੇਤੀਆਂ ਸਬਜ਼ੀਆਂ ਦੀ ਪਨੀਰੀ ਵਾਲੀਆਂ ਵੇਲਾਂ/ਪਨੀਰੀ ਆਦਿ ਵੇਚ ਸਕਦੇ ਹਨ।

**ਬ੍ਰਿਸ਼ ਭਾਨ ਬੁਜਰਕ**

## ਗਰਮੀਆਂ ਦੇ ਫਲਾਂ ਤੋਂ ਤਿਆਰ ਸੁਆਦਲੇ ਅਤੇ ਤਾਜ਼ਗੀ ਭਰਪੂਰ ਡਰਿੰਕਸ

**ਤਰਬੂਜ ਦਾ ਪੰਚ**

ਤਰਬੂਜ ਆਪਣੇ ਰੰਗ, ਤਾਜ਼ਗੀ ਅਤੇ ਮਿਠਾਸ ਕਾਰਨ ਗਰਮੀਆਂ ਦਾ ਸਭ ਤੋਂ ਵਧੀਆ ਫਲ ਹੈ ਜੋ ਕਿ ਵਿਟਾਮਿਨ ਅਤੇ ਐਂਟੀਆਕਸੀਡੇਂਟਸ ਨਾਲ ਭਰਪੂਰ ਹੈ



ਇਹ ਗਰਮੀਆਂ ਵਿਚ ਪਿਆਸ ਬੁਝਾਉਣ ਲਈ ਸਹੀ ਵਿਕਲਪ ਹੈ ਅਤੇ ਤੁਹਾਨੂੰ ਹਾਈਡਰੇਟ ਰੱਖਣ ਵਿਚ ਮਦਦ ਕਰਦੇ ਹਨ ।

**ਸਮੱਗਰੀ** : 4 ਕੱਪ ਬੀਜ ਰਹਿਤ ਤਰਬੂਜ ਦਾ ਗੁੱਦਾ, ਕੱਪ ਸੋਡਾ, 1 ਚਮਚ ਤਾਜ਼ੇ ਨਿੰਬੂ ਦਾ ਰਸ, ਬਰਫ ਦੇ ਟੁਕੜੇ, ਪੁਦੀਨੇ ਦੇ ਤਾਜ਼ੇ ਪੱਤੇ, ਸੁਆਦ ਲਈ ਲੂਣ

**ਬਣਾਉਣ ਦੀ ਵਿਧੀ** : 1. ਤਰਬੂਜ ਦੇ ਗੁੱਦੇ ਅਤੇ ਨਿੰਬੂ ਦੇ ਰਸ ਨੂੰ ਚੰਗੀ ਤਰ੍ਹਾਂ ਮਿਲਾਓ ।

2. ਇਸ ਮਿਸ਼ਰਣ ਨੂੰ ਛਾਣ ਲਓ । ਸੁਆਦ ਅਨੁਸਾਰ ਲੂਣ ਪਾਓ ।

3. ਗਲਾਸ ਵਿਚ ਅੱਧਾ ਮਿਸ਼ਰਣ ਅਤੇ ਸੋਡਾ ਪਾਓ । ਬਰਫ ਪਾਕੇ ਪੁਦੀਨੇ ਨਾਲ ਗਾਰਨਿਸ਼ ਕਰੋ ਅਨੰਦ ਲਓ ।

**ਮੈਂਗੋ ਫਰੂਟੀ**

ਮੈਂਗੋ ਫਰੂਟੀ ਪੱਕੇ ਹੋਏ ਅੰਬਾਂ ਤੋਂ ਬਣਾਇਆ ਹੋਇਆ ਇਕ ਘਰੇਲੂ ਡ੍ਰਿੰਕ ਹੈ ਜੋ ਕਿ ਵਿਟਾਮਿਨ, ਖਣਿਜ ਅਤੇ ਫਾਈਬਰ ਨਾਲ ਭਰਪੂਰ ਹੁੰਦਾ ਹੈ । ਇਹ ਇਕ ਪੌਸ਼ਟਿਕ ਵਿਕਲਪ ਹੈ ਜੋ ਕਿ ਸਰੀਰ ਨੂੰ ਸ਼ਕਤੀ ਦਿੰਦਾ ਹੈ ਅਤੇ ਪਾਚਨ ਵਿਚ ਵੀ ਸਹਾਇਤਾ ਕਰਦਾ ਹੈ ।



**ਸਮੱਗਰੀ** : 2 ਪੱਕੇ ਹੋਏ ਅੰਬਾਂ ਦਾ ਗੁੱਦਾ, 1/2 ਕੱਪ ਪਾਣੀ, 2 ਚਮਚ ਚੀਨੀ ਜਾਂ ਸ਼ਹਿਦ (ਸੁਆਦ ਮੁਤਾਬਕ), ਬਰਫ ਦੇ ਟੁਕੜੇ ।

**ਬਣਾਉਣ ਦੀ ਵਿਧੀ** : 1. ਅੰਬਾਂ ਦੇ ਗੁੱਦੇ ਅਤੇ ਪਾਣੀ ਨੂੰ ਮੁਲਾਇਮ ਹੋਣ ਤੱਕ ਮਿਲਾਓ ।

2. ਰੇਸ਼ੇ ਨੂੰ ਹਟਾਉਣ ਲਈ ਇਸ ਮਿਸ਼ਰਣ ਨੂੰ ਛਾਣ ਲਓ । ਇਸ ਵਿਚ ਖੰਡ ਜਾਂ ਸ਼ਹਿਦ ਮਿਲਾ ਲਵੋ ।

3. ਬਰਫ ਦੇ ਟੁਕੜੇ ਪਾ ਕੇ ਠੰਡਾ ਕਰੋ ਅਤੇ ਆਨੰਦ ਲਓ ।

**ਆਲੂਬੁਖਾਰਾ/ਪਲਮ ਸਕੁਐਸ਼**

ਇਸ ਦੇ ਮਿੱਠਿਨ ਅਤੇ ਮਿਠਾਸ ਦੇ ਸੰਪੂਰਨ ਸੰਤੁਲਣ ਕਾਰਨ ਗਰਮੀਆਂ ਲਈ ਇਹ ਇਕ ਤਾਜ਼ਗੀ ਭਰਪੂਰ ਸੁਆਦਲਾ ਡ੍ਰਿੰਕ ਹੈ । ਐਂਟੀਆਕਸੀਡੇਂਟਸ, ਫਾਈਬਰ ਅਤੇ ਵਿਟਾਮਿਨਾਂ ਨਾਲ ਭਰਪੂਰ, ਇਹ ਤੁਹਾਨੂੰ ਗਰਮੀ ਵਿਚ ਊਰਜਾਵਾਨ ਅਤੇ ਹਾਈਡਰੇਟ ਰੱਖਦਾ ਹੈ ।



**ਸਮੱਗਰੀ** : 4 ਪੱਕੇ ਅਤੇ ਕੱਟੇ ਹੋਏ ਪਲੱਮ, 2 ਕੱਪ ਪਾਣੀ, 1/2 ਕੱਪ ਖੰਡ, ਬਰਫ ਦੇ ਟੁਕੜੇ ।

**ਬਣਾਉਣ ਦੀ ਵਿਧੀ** :

1. ਕੱਟੇ ਹੋਏ ਪਲੱਮ, ਪਾਣੀ ਅਤੇ ਚੀਨੀ ਨੂੰ ਨਰਮ ਹੋਣ ਤੱਕ ਉਬਾਲੋ ।

2. ਇਸ ਨੂੰ ਠੰਡਾ ਕਰੋ, ਫਿਰ ਸ਼ਰਬਤ ਨੂੰ ਛਾਣ ਲਓ । ਸੁਆਦ ਅਨੁਸਾਰ ਤੁਸੀਂ ਇਸ ਵਿਚ ਨਮਕ ਵੀ ਪਾ ਸਕਦੇ ਹੋ ।

3. ਠੰਡਾ ਹੋਣ ਤੱਕ ਫਰਿੱਜ ਵਿਚ ਰੱਖੋ ਅਤੇ ਟੈਂਜੀ ਪਲਮ ਸਕੁਐਸ਼ ਦਾ ਸੁਆਦ ਲਓ !

ਗਰਮੀਆਂ ਦੀ ਗਰਮੀ ਵਿਚ ਠੰਡਾ, ਤਾਜ਼ਗੀ ਅਤੇ ਹਾਈਡਰੇਟ ਰੱਖਣ ਲਈ ਗਰਮੀਆਂ ਦੇ ਪੀਣ ਵਾਲੇ ਪਦਾਰਥ ਜ਼ਰੂਰੀ ਹਨ । ਤਰਬੂਜ ਪੰਚ, ਅੰਬ ਦੀ ਫਰੂਟੀ ਅਤੇ ਪਲਮ ਸਕੁਐਸ਼ ਪੌਸ਼ਟਿਕ ਤੱਤਾਂ ਭਰਪੂਰ ਹੋਣ ਕਾਰਨ ਸਰੀਰ ਨੂੰ ਮਜ਼ਬੂਤ ਕਰਦੇ ਹਨ ਅਤੇ ਆਤਮਾ ਨੂੰ ਸ਼ਾਂਤ ਕਰਦੇ ਹਨ ।

**ਪੂਨਮ ਬਖੇਟਿਆ, ਭੋਜਨ ਅਤੇ ਪੋਸ਼ਣ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 98157-51122)**

# ਜ਼ਮੀਨ ਦੀ ਸਿਹਤ ਲਈ ਮਿੱਟੀ ਦੀ ਤਾਸੀਰ ਅਨੁਸਾਰ ਖਾਦਾਂ ਦੀ ਵਰਤੋਂ ਜ਼ਰੂਰੀ

ਫਸਲਾਂ ਦੀ ਪੈਦਾਵਾਰ ਵਧਾਉਣ ਲਈ ਖਾਦਾਂ ਦੀ ਸੰਤੁਲਿਤ ਵਰਤੋਂ ਬਹੁਤ ਹੀ ਮਹੱਤਵਪੂਰਨ ਹੈ । ਪੰਜਾਬ ਵਿੱਚ ਖਾਦਾਂ ਦੀ ਖਪਤ ਸਾਲ 1960-61 ਵਿੱਚ 5000 ਮੀ. ਟਨ ਤੱਤ ਸੀ, ਜੋ ਵੱਧ ਕੇ ਸਾਲ 2016-17 ਦੌਰਾਨ 1944 ਹਜ਼ਾਰ ਮੀ. ਟਨ ਹੋ ਗਈ ਸੀ । ਦੇਸ਼ ਦੀ ਅੰਨ ਅਤੇ ਹੋਰ ਖੇਤਰੀ ਵਸਤਾਂ ਦੀ ਲੋੜ ਨੂੰ ਪੂਰਾ ਕਰਨ ਲਈ ਪੰਜਾਬ ਰਾਜ ਦੀਆਂ ਜ਼ਮੀਨਾਂ ਵਿੱਚੋਂ ਲਗਾਤਾਰ ਜ਼ਿਆਦਾ ਝਾੜ ਦੇਣ ਵਾਲੀਆਂ ਫਸਲਾਂ ਉਗਾਈਆਂ ਜਾ ਰਹੀਆਂ ਹਨ, ਜਿਸ ਨਾਲ ਜ਼ਮੀਨਾਂ 'ਤੇ ਲੋੜ ਤੋਂ ਵੱਧ ਬੋਝ ਪੈ ਰਿਹਾ ਹੈ ।

ਫਸਲਾਂ ਦੀ ਕਾਸ਼ਤ ਲਈ ਖਾਦਾਂ ਦੀ ਵਰਤੋਂ ਤੇ ਕਾਫੀ ਲਾਗਤ ਆਉਂਦੀ ਹੈ । ਪੰਜਾਬ ਵਿੱਚ 2000-2001 ਦੌਰਾਨ ਪ੍ਰਤੀ ਹੈਕਟੇਅਰ ਖਾਦਾਂ (ਨਾਈਟਰੋਜਨ, ਫਾਸਫੋਰਸ ਅਤੇ ਪੋਟਾਸ਼) ਦੀ ਖਪਤ 169 ਕਿਲੋ ਸੀ, ਜੋ ਕਿ 2017-18 ਦੌਰਾਨ ਵੱਧ ਕੇ 243 ਕਿਲੋਂ ਪ੍ਰਤੀ ਹੈਕਟੇਅਰ ਹੋ ਗਈ । ਪਹਿਲਾਂ ਕਿਸਾਨਾਂ ਵੱਲੋਂ ਦੇਸੀ ਰੂੜੀ ਦੀ ਵਰਤੋਂ ਕਰਨ ਦੇ ਨਾਲ ਫਸਲਾਂ ਦੀ ਰਹਿੰਦ ਖੂੰਹਦ ਨੂੰ ਖੇਤਾਂ ਵਿੱਚ ਹੀ ਵਾਹ ਦਿੱਤਾ ਜਾਂਦਾ ਸੀ, ਜਿਸ ਨਾਲ ਜ਼ਮੀਨ ਵਿੱਚ ਖੁਰਾਕੀ ਤੱਤਾਂ ਦਾ ਸੰਤੁਲਨ ਬਣਿਆ ਰਹਿੰਦਾ ਸੀ, ਪਰ ਹੁਣ ਦੇਸੀ ਰੂੜੀ ਦੀ ਘਾਟ ਅਤੇ ਫਸਲਾਂ ਦੀ ਰਹਿੰਦ ਖੂੰਹਦ ਨੂੰ ਅੱਗ ਲਗਾ ਕੇ ਸਾੜਣ ਨਾਲ ਜ਼ਮੀਨ ਵਿੱਚ ਖੁਰਾਕੀ ਤੱਤਾਂ ਦਾ ਸੰਤੁਲਨ ਵਿਗੜ ਗਿਆ ਹੈ, ਜਿਸ ਕਾਰਨ ਪੰਜਾਬ ਦੇ ਖੇਤਾਂ ਵਿੱਚ ਛੋਟੇ ਖੁਰਾਕੀ ਤੱਤਾਂ ਦੀ ਘਾਟ ਵਧ ਰਹੀ ਹੈ । ਆਮ ਕਰਕੇ ਕਿਸਾਨ ਯੂਰੀਆ ਅਤੇ ਡਾਇਆ ਖਾਦਾਂ ਦੀ ਵਰਤੋਂ ਹੀ ਕਰਦੇ ਹਨ ਜਦੋਂ ਕਿ ਲਘੂ ਤੱਤਾਂ ਦੀ ਵਰਤੋਂ ਬਹੁਤ ਘੱਟ ਕੀਤੀ ਜਾਂਦੀ ਹੈ ।

ਰਾਸ਼ਟਰੀ ਪੱਧਰ 'ਤੇ ਇਸ ਵੇਲੇ ਖੇਤਾਂ ਵਿੱਚ ਫਸਲਾਂ ਦੀ ਪੈਦਾਵਾਰ ਲਈ ਜੋ ਨਾਈਟਰੋਜਨ, ਫਾਸਫੋਰਸ ਅਤੇ ਪੋਟਾਸ਼ ਦੀ ਵਰਤੋਂ 6.7:2.4:1 ਅਨੁਪਾਤ ਨਾਲ ਕੀਤੀ ਜਾ ਰਹੀ ਹੈ, ਜਦੋਂ ਕਿ ਇਹ ਅਨੁਪਾਤ 4:2:1 ਹੋਣੀ ਚਾਹੀਦੀ ਹੈ । 1970 ਦੌਰਾਨ ਪ੍ਰਤੀ ਕਿਲੋ ਖਾਦ ਦੀ ਵਰਤੋਂ ਕਰਨ ਤੇ 13 ਕਿਲੋ ਅਨਾਜ ਪੈਦਾ ਹੁੰਦਾ ਸੀ ਜਦੋਂ ਕਿ 2010 ਦੌਰਾਨ ਇਹ ਪੈਦਾਵਾਰ 4 ਕਿਲੋ ਰਹਿ ਗਈ । ਜਿਸ ਦਾ ਮੁੱਖ ਕਾਰਨ ਖਾਦਾਂ ਦੀ ਜ਼ਰੂਰਤ ਤੋਂ ਜ਼ਿਆਦਾ ਅਤੇ ਅਸੰਤੁਲਿਤ ਵਰਤੋਂ ਹੈ । ਫਸਲਾਂ ਤੋਂ ਵਧੇਰੇ ਪੈਦਾਵਾਰ ਲੈਣ ਲਈ ਖਾਦਾਂ ਦੀ ਸਹੀ ਮਾਤਰਾ ਵਿੱਚ, ਸਹੀ ਸਮੇਂ ਤੇ, ਸਹੀ ਤਰੀਕੇ ਨਾਲ ਵਰਤੋਂ ਕਰਨੀ ਜ਼ਰੂਰੀ ਹੈ । ਇਸ ਲਈ ਰਸਾਇਣਕ ਖਾਦਾਂ ਦੀ ਵਰਤੋਂ ਮਿੱਟੀ ਸਿਹਤ ਕਾਰਡ ਦੇ ਆਧਾਰ ਕੇ ਕਰਨਾ ਬਹੁਤ ਜ਼ਰੂਰੀ ਹੈ । ਭੌਂ ਪਰਖ ਨਾਲ ਭੂਮੀ ਦੀ ਉਪਜਾਊ ਸ਼ਕਤੀ ਅਤੇ ਸਿਹਤ ਬਾਰੇ ਜਾਣਕਾਰੀ ਮਿਲਦੀ ਹੈ । ਭੌਂ ਪਰਖ ਆਧਾਰ ਤੇ ਸੰਤੁਲਿਤ ਖਾਦਾਂ ਦੀ ਵਰਤੋਂ ਨਾਲ ਉਪਜ ਵਿੱਚ ਵੀ ਵਾਧਾ ਹੁੰਦਾ ਹੈ ਅਤੇ ਭੂਮੀ ਦੀ ਉਪਜਾਊ ਸ਼ਕਤੀ ਬਣੀ ਰਹਿੰਦੀ ਹੈ । ਕਲਰਾਠੀਆਂ ਜ਼ਮੀਨ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ । ਮਿੱਟੀ ਪਰਖ ਕਰਵਾਉਣ ਨਾਲ ਫਸਲਾਂ ਦੀ ਸਹੀ ਚੋਣ ਕਰਨ ਵਿੱਚ ਮਦਦ ਵੀ ਮਿਲਦੀ ਹੈ ।

ਪੰਜਾਬ ਵਿੱਚ 66 ਭੌਂ ਪਰਖ ਪ੍ਰਯੋਗਸ਼ਾਲਾਵਾਂ ਕੰਮ ਕਰ ਰਹੀਆਂ ਹਨ, ਜਿਨ੍ਹਾਂ ਦੀ ਮਿੱਟੀ ਦੇ ਨਮੂਨੇ ਪਰਖ ਕਰਨ ਦੀ ਸਮਰੱਥਾ 6,10,000 ਪ੍ਰਤੀ ਸਾਲ ਹੈ । ਕਣਕ ਦੀ ਕਟਾਈ ਤੋਂ ਬਾਅਦ ਖਾਲੀ ਹੋਏ ਖੇਤਾਂ ਵਿੱਚੋਂ ਮਿੱਟੀ ਦੇ ਨਮੂਨੇ ਦਾ ਸਮਾਂ ਵਧੇਰੇ ਢੁਕਵਾਂ ਹੁੰਦਾ ਹੈ । ਹਰੇਕ ਕਿਸਾਨ ਨੂੰ ਖੇਤੀਬਾੜੀ ਅਤੇ ਕਿਸਾਨ ਵਿਭਾਗ ਦੇ ਅਧਿਕਾਰੀਆਂ / ਕਰਮਚਾਰੀਆਂ ਨਾਲ ਸੰਪਰਕ ਕਰਕੇ ਖੇਤਾਂ ਵਿੱਚੋਂ ਮਿੱਟੀ ਦੇ ਨਮੂਨੇ ਇਕੱਤਰ ਕਰਕੇ ਪਰਖ ਕਰਵਾਉਣੇ ਚਾਹੀਦੇ ਹਨ ਅਤੇ ਫਸਲਾਂ ਵਿੱਚ ਖਾਦਾਂ ਦੀ ਵਰਤੋਂ ਮਿੱਟੀ ਪਰਖ ਰਿਪੋਰਟ-ਭੂਮੀ ਸਿਹਤ ਕਾਰਡ ਅਨੁਸਾਰ ਹੀ ਕਰਨ ਚਾਹੀਦੀ ਹੈ । ਤਾਂ ਜੋ ਖੇਤੀ ਲਾਗਤ ਖਰਚ ਘਟਾ ਕੇ ਖੇਤੀਬਾੜੀ ਤੋਂ ਸ਼ੁੱਧ ਮੁਨਾਫੇ ਵਿੱਚ ਵਾਧਾ ਕੀਤਾ ਜਾ ਸਕੇ ।

ਬਿਨਾ ਮਿੱਟੀ ਨੂੰ ਹਿਲਾਏ ਜ਼ਮੀਨ ਉੱਪਰ ਜੇ ਕੋਈ ਘਾਹ ਫੂਸ ਹੋਵੇ ਤਾਂ ਪੁੱਟ ਦਿਓ । ਜ਼ਮੀਨ ਦੀ ਉੱਪਰਲੀ ਤਹਿ ਤੋਂ ਹਲ ਦੀ ਡੂੰਘਾਈ 6 ਇੰਚ ਤੱਕ ਜ਼ਮੀਨ ਦੇ ਅੰਦਰੋਂ ਮਿੱਟੀ ਦਾ ਨਮੂਨਾ ਖੁਰਪੇ ਜਾਂ ਕਹੀ



ਨਾਲ ਲਿਆ ਜਾ ਸਕਦਾ ਹੈ । ਇਸ ਮਕਸਦ ਲਈ 'ਵੀ' (V) ਸ਼ਕਲ ਦਾ ਕੱਟ ਲਗਾ ਕੇ ਦੋਵੇਂ ਪਾਸਿਆਂ ਤੋਂ ਖੁਰਪੇ ਜਾਂ ਕਹੀ ਨਾਲ ਇਕਸਾਰ ਮਿੱਟੀ ਦੀ ਪਰਤ ਲੈ ਲਵੋ । ਬਗੈਰ ਕਿਸੇ ਖਾਸ ਤਰਤੀਬ ਦੇ ਇਕ ਏਕੜ ਵਿੱਚ 6-7 ਥਾਵਾਂ ਤੋਂ ਮਿੱਟੀ ਦੇ ਨਮੂਨੇ ਲੈਣ ਪਿੱਛੋਂ ਇਨ੍ਹਾਂ ਨੂੰ ਕਿਸੇ ਸਾਫ ਕੱਪੜੇ ਦੀ ਥੈਲੀ ਜਾਂ ਪੋਲੀਥੀਨ ਲਿਫਾਫੇ ਵਿੱਚ ਪਾ ਲਵੋ । ਜੇਕਰ ਖੜੀ ਫਸਲ ਵਾਲੇ ਖੇਤ ਦੀ ਮਿੱਟੀ ਦਾ ਨਮੂਨਾ ਲੈਣਾ ਹੋਵੇ ਤਾਂ ਪੌਦਿਆਂ ਦੀਆਂ ਕਤਾਰਾਂ ਵਿਚਲੇ ਥਾਂ ਤੋਂ ਮਿੱਟੀ ਲੈਣੀ ਚਾਹੀਦੀ ਹੈ । ਇਸ ਤਰ੍ਹਾਂ ਖੇਤ ਦੀਆਂ ਵੱਖ-ਵੱਖ ਥਾਂਵਾਂ ਤੋਂ ਲਈ ਮਿੱਟੀ ਨੂੰ ਚੰਗੀ ਤਰ੍ਹਾਂ ਰਲਾ ਲਵੋ । ਇਸ ਰਲੀ ਮਿੱਟੀ ਵਿੱਚ ਅੱਧਾ ਕਿਲੋ ਮਿੱਟੀ ਨਮੂਨੇ ਵਾਸਤੇ ਲਵੋ । ਜਿੱਥੇ ਖਾਦ ਖਿਲਾਰੀ ਗਈ ਹੋਵੇ ਜਾਂ ਹੋਰ ਕਿਸੇ ਥਾਂ ਤੇ ਜਿੱਥੇ ਪੁਰਾਣੀ ਵਾੜ ਵਾਲੀ ਜਗ੍ਹਾ ਜਾਂ ਰਸਤੇ ਵਾਲੀ ਥਾਂ ਜਾਂ ਰੂੜੀ ਦਾ ਢੇਰ ਲਾਇਆ ਹੋਵੇ, ਉੱਥੇ ਮਿੱਟੀ ਦਾ ਨਮੂਨਾ ਨਹੀਂ ਲੈਣਾ ਚਾਹੀਦਾ । ਕੱਲਰ ਵਾਲੀਆਂ ਜ਼ਮੀਨਾਂ ਦਾ ਨਮੂਨਾ ਲੈਣ ਦਾ ਢੰਗ ਕਲਰਾਠੀਆਂ ਜ਼ਮੀਨਾਂ ਵਿੱਚ ਖਾਦਾਂ ਦੀ ਵਰਤੋਂ ਕਰਨ ਲਈ ਇਨ੍ਹਾਂ ਜ਼ਮੀਨਾਂ ਵਿੱਚੋਂ ਮਿੱਟੀ ਦਾ ਨਮੂਨਾ ਵਰਮੇ ਦੁਆਰਾ ਜਾਂ 100 ਸੈਂਟੀਮੀਟਰ ਡੂੰਘਾ ਟੋਆ ਪੁੱਟ ਕੇ ਨਮੂਨਾ ਲੈਣਾ ਹੋਵੇ ਤਾਂ ਹੇਠ ਲਿਖਿਆ ਢੰਗ ਅਪਣਾਉਣਾ ਚਾਹੀਦਾ ਹੈ :

ਟੋਏ ਵਿੱਚੋਂ ਉਪਰਲੀ ਸਤਹਿ ਤੋਂ 15 ਸੈਂਟੀਮੀਟਰ ਅਤੇ 60 ਸੈਂਟੀਮੀਟਰ ਦੀ ਡੂੰਘਾਈ ਤੇ ਨਿਸ਼ਾਨ ਲਾਉਣੇ ਚਾਹੀਦੇ ਹਨ । 15 ਸੈਂਟੀਮੀਟਰ ਡੂੰਘਾਈ ਤੇ ਤਸਲਾ ਰੱਖ ਕੇ ਉਸ ਵਿੱਚ ਉੱਪਰੋਂ ਹੇਠਾਂ ਵੱਲ 15 ਸੈਂਟੀਮੀਟਰ ਦੇ ਨਿਸ਼ਾਨ ਤੱਕ ਇਕੋ ਜਿਹੀ ਮਿੱਟੀ ਦੀ ਪਰਤ ਲਾਹੋ, ਜਿਸ ਦਾ ਵਜ਼ਨ ਲਗਭਗ ਅੱਧਾ ਕਿਲੋ ਹੋ ਜਾਵੇ । ਇਸ ਤਰ੍ਹਾਂ ਉੱਪਰ ਦੱਸੇ ਤਰੀਕੇ ਅਨੁਸਾਰ ਜ਼ਮੀਨ ਦੀਆਂ 15 ਤੋਂ 30 ਸੈਂਟੀਮੀਟਰ, 30 ਤੋਂ 60 ਸੈਂਟੀਮੀਟਰ ਅਤੇ 60 ਤੋਂ 100 ਸੈਂਟੀਮੀਟਰ ਤਹਿਆਂ ਤੋਂ ਮਿੱਟੀ ਦਾ ਨਮੂਨਾਂ ਵੱਖ ਵੱਖ ਥੈਲੀਆਂ ਵਿੱਚ ਭਰ ਲਵੋ । ਜੇਕਰ ਡੂੰਘਾਈ ਵਿਚਕਾਰ ਕੋਈ ਸਖਤ ਜਾਂ ਕੰਕਰ ਆਦਿ ਦੀ ਤਹਿ ਆ ਜਾਵੇ ਤਾਂ ਉਸਦੀ ਡੂੰਘਾਈ ਅਤੇ ਮੋਟਾਈ ਨੋਟ ਕਰਨ ਪਿੱਛੋਂ ਇਸ ਦਾ ਨਮੂਨਾ ਵੱਖਰਾ ਭਰ ਲਵੋਂ । ਜਿਸ ਡੂੰਘਾਈ ਦੀ ਤਹਿ ਤੋਂ ਮਿੱਟੀ ਲਈ ਗਈ ਹੋਵੇ, ਹਰ ਇਕ ਨਮੂਨੇ ਨਾਲ ਮੋਟੇ ਕਾਗਜ਼ 'ਤੇ ਲਿਖ ਕੇ ਬੰਨ੍ਹ ਦੇਣੇ ਚਾਹੀਦੇ ਹਨ । ਇਨ੍ਹਾਂ ਨਮੂਨਿਆਂ ਨੂੰ ਸਾਫ ਕੱਪੜੇ ਦੀਆਂ ਅੱਡ-ਅੱਡ ਥੈਲੀਆਂ ਵਿੱਚ ਪਾ ਕੇ ਪਹਿਲਾਂ ਦੱਸੇ ਢੰਗ ਅਨੁਸਾਰ ਕਿਸੇ ਵੀ ਨਜ਼ਦੀਕੀ ਮਿੱਟੀ ਪਰਖ ਪ੍ਰਯੋਗਸ਼ਾਲਾ ਵਿੱਚ ਭੇਜ ਦੇਣਾ ਚਾਹੀਦਾ ਹੈ ।

ਜਿਸ ਜ਼ਮੀਨ ਵਿੱਚ ਬਾਗ ਲਾਉਣਾ ਹੋਵੇ, ਉਸ ਖੇਤ ਦੀ ਮਿੱਟੀ ਦਾ ਨਮੂਨਾ ਲੈਣ ਦਾ ਢੰਗ ਹੀ ਵਰਤਿਆ ਜਾਵੇ । ਇਹ ਨਮੂਨਾ ਵਰਮੇ ਨਾਲ ਜਾਂ 2 ਮੀਟਰ ਡੂੰਘਾ ਟੋਆਂ ਪੁੱਟ ਕੇ ਲੈਣਾ ਚਾਹੀਦਾ ਹੈ । ਸਾਰੀਆਂ ਦੀਆਂ ਸਾਰੀਆਂ ਤਹਿਆਂ ਜਿਹੜੀਆਂ ਉੱਪਰ ਤੋਂ 15 ਸੈਂਟੀਮੀਟਰ, 15 ਤੋਂ 30 ਸੈਂਟੀਮੀਟਰ, 30 ਤੋਂ 60 ਸੈਂਟੀਮੀਟਰ, 60 ਤੋਂ 90 ਸੈਂਟੀਮੀਟਰ, 90 ਤੋਂ 120 ਸੈਂਟੀਮੀਟਰ, 120 ਤੋਂ 150 ਸੈਂਟੀਮੀਟਰ ਅਤੇ150 ਤੋਂ 200 ਸੈਂਟੀਮੀਟਰ ਅੰਦਰ ਇਕਸਾਰ ਮੋਟਾਈ ਦੀਆਂ ਤਹਿਆਂ ਹੋਣ ਦਾ ਵੱਖ-ਵੱਖ ਨਮੂਨਾ ਲੈਣਾ ਚਾਹੀਦਾ ਹੈ । ਜੇਕਰ ਡੂੰਘਾਈ ਦੇ ਦੌਰਾਨ ਕੋਈ ਸਖਤ ਜਾਂ ਕੰਕਰ ਆਦਿ ਦੀ ਤਹਿ ਆ ਜਾਵੇ ਤਾਂ ਇਸਦੀ ਡੂੰਘਾਈ ਅਤੇ ਮੋਟਾਈ ਨੋਟ ਕਰਨ ਪਿੱਛੋਂ ਇਸ ਦਾ ਨਮੂਨਾ ਵੱਖਰਾ ਭਰ ਲਵੋ । ਇਨ੍ਹਾਂ ਮਿੱਟੀ ਦੇ ਨਮੂਨਿਆਂ ਨੂੰ ਸਾਫ ਕੱਪੜੇ ਦੀਆਂ ਅੱਡ-ਅੱਡ ਥੈਲੀਆਂ ਵਿੱਚ ਪਾ ਕੇ ਪਹਿਲਾਂ ਦੱਸੇ ਹੋਏ ਢੰਗ ਅਨੁਸਾਰ ਕਿਸੇ ਵੀ ਨਜ਼ਦੀਕੀ ਮਿੱਟੀ ਪਰਖ ਪ੍ਰਯੋਗਸ਼ਾਲਾ ਵਿੱਚ ਭੇਜ ਦੇਣਾ ਚਾਹੀਦਾ ਹੈ ।

**ਮਿੱਟੀ ਦੇ ਨਮੂਨੇ ਨਾਲ ਹੇਠ ਲਿਖੀ ਜਾਣਕਾਰੀ ਦਿੱਤੀ ਜਾਵੇ** : ਖੇਤ ਦਾ ਨੰਬਰ, ਨਮੂਨਾ ਲੈਣ ਦੀ ਮਿਤੀ, ਪਤਾ, ਮੰਤਵ, ਜਿਸ ਲਈ ਨਮੂਨਾ ਭੇਜਿਆ ਜਾ ਰਿਹਾ ਹੈ, ਜ਼ਮੀਨ ਦਾ ਸਥਾਨਕ ਨਾਅ ਜੇ ਪਤਾ ਹੋਵੇ, ਕਿਸਮ ਜ਼ਮੀਨ (ਸੇਂਜੂ ਜਾਂ ਬਾਰਾਨੀ) ਅਤੇ ਸਿੰਚਾਈ ਦਾ ਸਾਧਨ, ਪਾਣੀ ਦਾ ਕੁਦਰਤੀ ਨਿਕਾਸ, ਧਰਤੀ ਤੇ ਪਾਣੀ ਦੀ ਡੂੰਘਾਈ, ਖੇਤ ਦਾ ਲਾਂਗੀਚਿਊਡ ਲੈਟੀਚਿਊਡ ਅਤੇ ਵਰਤੀਆਂ ਖਾਦਾਂ ਦਾ ਵੇਰਵਾ ।

ਕਿਸਾਨ ਭਰਾਵਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਅਧਿਕਾਰੀਆਂ-ਕਰਮਚਾਰੀਆਂ ਨਾਲ ਸੰਪਰਕ ਕਰਕੇ ਝੋਨੇ ਦੀ ਫਸਲ ਦੀ ਕਟਾਈ ਤੋਂ ਬਾਅਦ ਮਿੱਟੀ ਦੇ ਨਮੂਨੇ ਲੈ ਕੇ ਆਪਣੇ ਇਲਾਕੇ ਦੀ ਭੌਂ ਪਰਖ ਪ੍ਰਯੋਗਸ਼ਾਲਾ ਤੋਂ ਪਰਖ ਕਰਵਾ ਕੇ ਵੱਧ ਤੋਂ ਵੱਧ ਲਾਭ ਉਠਾਉਣ । ਮਿੱਟੀ ਸਿਹਤ ਕਾਰਡ ਵਿੱਚ ਕੀਤੀ ਸਿਫਾਰਸ਼ਾਂ ਮੁਤਾਬਕ ਹੀ ਖਾਦ ਫਸਲਾਂ ਵਿੱਚ ਵਰਤੀ ਜਾਵੇ ।

***ਡਾ. ਅਮਰੀਕ ਸਿੰਘ, ਪਠਾਨਕੋਟ***

# ਝੋਨੇ ਦੀ ਪਨੀਰੀ ਦੀ ਲੁਆਈ ਵੇਲੇ ਪਾਏ ਜਾਣ ਵਾਲੇ ਪੰਛੀਆਂ ਦੀ ਮਹੱਤਤਾ

**ਤੇਜਦੀਪ ਕੌਜ ਕਲੇਰ ਅਤੇ ਮਨੋਜ ਕੁਮਾਰ,**
**ਜੀਵ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋਬਾਇਲ : 98559-65904)**

**ਬਦਾਮੀ ਬਗਲਾ** : ਇਸ ਪੰਛੀ ਨੂੰ ਝੋਨੇ ਦੀ ਫਸਲ ਦੀ ਬਿਜਾਈ ਵਾਲੇ ਖੇਤਾਂ ਵਿਚ ਅਕਸਰ ਦੇਖਿਆ ਜਾ ਸਕਦਾ ਹੈ। ਇਸ ਪੰਛੀ ਦਾ ਆਕਾਰ 53-55 ਸੈਂਟੀਮੀਟਰ ਤੱਕ ਹੁੰਦਾ ਹੈ। ਗੈਰ-ਪ੍ਰਜਣਨ ਸਮੇਂ ਦੌਰਾਨ ਇਹ ਚਿੱਟੇ ਰੰਗ ਦਾ ਹੁੰਦਾ ਹੈ ਅਤੇ ਪ੍ਰਜਣਨ ਸਮੇਂ ਇਸਦਾ ਸਿਰ ਅਤੇ ਗਰਦਨ ਨੇੜਲੇ ਖੰਭਾਂ ਦਾ ਰੰਗ ਬਦਾਮੀ ਭੂਰਾ ਹੋ ਜਾਂਦਾ ਹੈ। ਇਹ ਮੁੱਖ ਤੌਰ 'ਤੇ ਖੇਤੀਬਾੜੀ ਦੇ ਕੀੜੇ-ਮਕੌੜਿਆਂ ਨੂੰ ਖਾਂਦਾ ਹੈ। ਇਸ ਕਰਕੇ ਇਹ ਪੰਛੀ ਖੇਤੀ ਲਈ ਫਾਇਦੇਮੰਦ ਮੰਨਿਆ ਜਾਂਦਾ ਹੈ।

**ਟਟਹਿਰੀ** : ਇਹ ਪੰਛੀ ਵੀ ਖੇਤਾਂ ਦੇ ਆਲੇ-ਦੁਆਲੇ ਅਕਸਰ ਦੇਖਿਆ ਜਾਂਦਾ ਹੈ। ਇਸ ਪੰਛੀ ਦਾ ਆਕਾਰ 31-34 ਸੈਂਟੀਮੀਟਰ ਤੱਕ ਹੁੰਦਾ ਹੈ। ਇਸ ਪੰਛੀ ਦਾ ਰੰਗ ਉੱਪਰੋਂ ਕਾਂਸੀ-ਭੂਰਾ, ਹੇਠੋਂ ਚਿੱਟਾ, ਸਿਰ, ਗਰਦਨ ਅਤੇ ਛਾਤੀ ਕਾਲੇ ਰੰਗ ਦੀ ਹੁੰਦੀ ਹੈ। ਬਾਕੀ ਪੰਛੀਆਂ ਦੇ ਮੁਕਾਬਲੇ ਟਟਹਿਰੀ ਦੀਆਂ ਲੱਤਾਂ ਲੰਬੀਆਂ ਹੁੰਦੀਆਂ। ਇਹ ਪੰਛੀ ਸੱਪ ਅਤੇ ਸ਼ਿਕਾਰੀ ਪੰਛੀਆਂ ਨੂੰ ਦੇਖ ਕੇ ਚੇਤਾਵਨੀ ਆਵਾਜ਼ਾਂ ਕੱਢਦਾ ਹੈ। ਪੰਜਾਬ ਵਿਚ ਇਸਦਾ ਪ੍ਰਜਣਨ ਸਮਾਂ ਮਾਰਚ-ਅਗਸਤ ਦੇ ਮਹੀਨੇ ਵਿਚ ਹੁੰਦਾ ਹੈ। ਇਸ ਦਾ ਭੋਜਨ ਮੁੱਖ ਤੌਰ 'ਤੇ ਕੀੜੇ-ਮਕੌੜੇ ਅਤੇ ਘੋਗੇ ਹੁੰਦੇ ਹਨ। ਇਸ ਕਰਕੇ ਇਹ ਪੰਛੀ ਵੀ ਖੇਤੀ ਲਈ ਲਾਹੇਵੰਦ ਹੁੰਦਾ ਹੈ।

**ਛੱਪੜੀ ਬਗਲਾ** : ਇਸ ਪੰਛੀ ਨੂੰ ਅਕਸਰ ਭੋਜਨ ਦੀ ਭਾਲ ਵਿਚ, ਖੇਤਾਂ ਦੇ ਬੰਨ੍ਹਿਆਂ ਉੱਤੇ ਦੇਖਿਆ ਜਾਂਦਾ ਹੈ। ਇਸਦਾ ਆਕਾਰ 44-46 ਸੈਂਟੀਮੀਟਰ ਤੱਕ ਹੁੰਦਾ ਹੈ। ਇਹ ਪੰਛੀ ਮੁੱਖ ਤੌਰ ਤੇ ਭੂਰੇ-ਚਿੱਟੇ ਦਾ ਹੁੰਦਾ ਹੈ ਅਤੇ ਇਸਦੀ ਚੁੰਝ ਤਿੱਖੀ ਅਤੇ ਮਜਬੂਤ ਹੁੰਦੀ ਹੈ। ਇਹ ਪੰਛੀ ਆਮ ਤੌਰ ਤੇ ਇਕੱਲਾ ਭੋਜਨ ਦੀ ਭਾਲ ਕਰਦਾ ਹੈ, ਪਰ ਕਈ ਵਾਰ ਇਕ ਤੋਂ ਵੱਧ ਗਿਣਤੀ ਵਿਚ ਵੀ ਦੇਖਿਆ ਜਾ ਸਕਦਾ ਹੈ। ਇਹ ਖੇਤਾਂ ਦੇ ਕੀੜੇ-ਮਕੌੜੇ



ਆਦਿ ਨੂੰ ਵੀ ਖਾਂਦਾ ਹੈ। ਖੇਤੀ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੀੜਿਆਂ ਨੂੰ ਖਾਣ ਕਰਕੇ ਇਹ ਵੀ ਕਿਸਾਨਾਂ ਦਾ ਮਿੱਤਰ ਪੰਛੀ ਸਮਝਿਆ ਜਾਂਦਾ ਹੈ।

**ਕਾਲਾ ਬੁਜਾ** : ਇਸ ਪੰਛੀ ਨੂੰ ਕਾਲੇ ਰੰਗ, ਲੰਬੀ ਅਤੇ ਮੁੜੀ ਚੁੰਝ ਕਰਕੇ ਆਸਾਨੀ ਨਾਲ ਪਛਾਣਿਆ ਜਾ ਸਕਦਾ ਹੈ। ਇਸ ਪੰਛੀ ਦਾ ਆਕਾਰ 65-68 ਸੈਂਟੀਮੀਟਰ ਤੱਕ ਹੁੰਦਾ ਹੈ। ਇਸ ਪੰਛੀ ਦੇ ਮੋਢੇ ਦੇ ਨੇੜੇ ਚਿੱਟੇ ਰੰਗ ਦੇ ਖੰਭ, ਲੰਬੀਆਂ ਲੱਤਾਂ ਅਤੇ ਸਿਰ ਦੇ ਉੱਪਰ ਵਾਲਾ ਹਿੱਸਾ ਲਾਲ ਰੰਗ ਦਾ ਹੁੰਦਾ ਹੈ। ਇਸ ਪੰਛੀ ਨੂੰ ਵੀ ਝੋਨੇ ਦੇ ਖੇਤਾਂ ਵਿਚ ਅਕਸਰ ਦੇਖਿਆ ਜਾ ਸਕਦਾ ਹੈ। ਇਸ ਦਾ ਭੋਜਨ ਮੁੱਖ ਤੌਰ ਤੇ ਕੀੜੇ-ਮਕੌੜੇ ਅਤੇ ਘੋਗੇ ਹੁੰਦੇ ਹਨ। ਇਸ ਕਰਕੇ ਇਹ ਪੰਛੀ ਵੀ ਖੇਤੀ ਲਈ ਲਾਹੇਵੰਦ ਹੁੰਦਾ ਹੈ।

**ਕਾਲ ਕਲੀਚੀ/ਕੋਤਵਾਲ** : ਇਹ ਪੰਛੀ ਨੂੰ ਕਾਲੇ ਰੰਗ ਦਾ ਹੁੰਦਾ ਹੈ ਇਸਦੀ ਪੂਛ ਲੰਬੀ ਅਤੇ ਵੀ ਆਕਾਰ ਵਾਲੀ ਹੁੰਦੀ ਹੈ। ਇਸਦਾ ਅਕਾਰ 30-32 ਸੈਂਟੀਮੀਟਰ ਤੱਕ ਹੁੰਦਾ ਹੈ। ਇਸ ਬਹੁਤ ਫੁਰਤੀਲਾ ਪੰਛੀ ਹੈ ਅਤੇ ਹਵਾ ਵਿਚ ਹੀ ਕੀੜਿਆਂ ਦਾ ਸ਼ਿਕਾਰ ਕਰ ਲੈਂਦਾ ਹੈ। ਇਸ ਨੂੰ ਆਮ ਤੌਰ ਤੇ ਝੋਨੇ ਦੇ ਖੇਤਾਂ ਦੇ ਆਲੇ-ਦੁਆਲੇ ਖੰਭਿਆਂ ਅਤੇ ਤਾਰਾਂ ਤੇ ਬੈਠੇ ਦੇਖਿਆ ਜਾ ਸਕਦਾ ਹੈ। ਇਸ ਦਾ ਭੋਜਨ ਮੁੱਖ ਤੌਰ ਤੇ ਕੀੜੇ-ਮਕੌੜੇ ਹੁੰਦੇ ਹਨ। ਖੇਤੀ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੀੜਿਆਂ ਨੂੰ ਖਾਣ ਕਰਕੇ ਇਹ ਪੰਛੀ ਲਾਭਦਾਇਕ ਪੰਛੀਆਂ ਦੀ ਸ਼੍ਰੇਣੀ ਵਿਚ ਆਉਂਦਾ ਹੈ ਅਤੇ ਕਿਸਾਨਾਂ ਦਾ ਮਿੱਤਰ ਸਮਝਿਆ ਜਾਂਦਾ ਹੈ।

**ਕਾਂ** : ਇਹ ਪੰਛੀ ਆਮ ਤੌਰ ਤੇ ਸਾਰੀਆਂ ਥਾਵਾਂ ਤੇ ਪਾਇਆ ਜਾਂਦਾ ਹੈ ਅਤੇ ਇਸ ਦੀ ਮੁੱਖ ਪਹਿਚਾਣ ਇਸਦਾ ਕਾਲਾ ਰੰਗ ਅਤੇ ਕਾਂ-ਕਾਂ ਦੀ ਅਵਾਜ਼ ਹੈ। ਇਸਦਾ ਅਕਾਰ 40-44 ਸੈਂਟੀਮੀਟਰ ਤੱਕ ਹੁੰਦਾ ਹੈ। ਇਸ ਦੀ ਚੁੰਝ ਮੋਟੀ ਅਤੇ ਮਜ਼ਬੂਤ ਹੁੰਦੀ ਹੈ। ਝੋਨੇ ਦੇ ਖੇਤਾਂ ਦੇ ਆਲੇ-ਦੁਆਲੇ ਇਸ ਨੂੰ ਅਕਸਰ ਭੋਜਨ ਦੀ ਤਲਾਸ਼ ਵਿਚ ਦੇਖਿਆ ਜਾਂਦਾ ਹੈ। ਇਹ ਸਰਬਆਹਾਰੀ ਪੰਛੀ ਹੈ, ਇਸ ਲਈ ਇਹ ਕੀੜੇ-ਮਕੌੜੇ, ਛੋਟੇ ਜੀਵ ਜੰਤੂ, ਖੇਤਾਂ ਦੇ ਚੂਹੇ ਅਤੇ ਡੱਡੂ ਆਦਿ ਨੂੰ ਆਪਣਾ ਭੋਜਨ ਬਣਾਉਂਦਾ ਹੈ। ਇਸ ਨੂੰ ਅਕਸਰ ਝੁੰਡਾਂ ਵਿਚ ਵੀ ਦੇਖਿਆ ਜਾਂਦਾ ਹੈ।

**ਗਟਾਰ** : ਇਹ ਪੰਛੀ ਮਿੱਟੀ ਭੂਰੇ ਰੰਗ ਦਾ ਹੁੰਦਾ ਹੈ। ਇਸਦੀ ਚੁੰਝ ਅਤੇ ਪੈਰ ਪੀਲੇ ਰੰਗ ਦੇ ਹੁੰਦੇ ਹਨ। ਇਸਦੇ ਅੱਖਾਂ ਦੇ ਥੱਲੇ ਪੀਲਾ ਰੰਗ ਅਤੇ ਸਿਰ ਕਾਲੇ ਰੰਗ ਦਾ ਹੁੰਦਾ ਹੈ। ਇਸ ਕਰਕੇ ਇਹ ਪੰਛੀ ਦੂਰ ਤੋਂ ਹੀ ਪਛਾਣਿਆ ਜਾਂਦਾ ਹੈ। ਇਸਦਾ ਅਕਾਰ 24-27 ਸੈਂਟੀਮੀਟਰ ਤੱਕ ਹੁੰਦਾ ਹੈ। ਇਸਨੂੰ ਆਮ ਤੌਰ ਤੇ ਖੇਤਾਂ ਦੇ ਆਲੇ-ਦੁਆਲੇ ਛੋਟੇ-ਛੋਟੇ ਝੁੰਡਾਂ ਵਿਚ ਦੇਖਿਆ ਜਾ ਸਕਦਾ ਹੈ। ਇਸ ਦਾ ਭੋਜਨ ਮੁੱਖ ਤੌਰ ਤੇ ਕੀੜੇ-ਮਕੌੜੇ ਅਤੇ ਘਰਾਂ ਦੀ ਰਹਿੰਦ-ਖੂੰਹਦ ਹੁੰਦੀ ਹੈ। ਖੇਤੀ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੀੜਿਆਂ ਨੂੰ ਖਾਣ ਕਰਕੇ ਇਹ ਵੀ ਕਿਸਾਨਾਂ ਦਾ ਮਿੱਤਰ ਪੰਛੀ ਸਮਝਿਆ ਜਾਂਦਾ ਹੈ।

# ਪਿੰਡਾਂ ਦੀ ਜੀਵਨ ਧਾਰਾ ਸਨ ਛੱਪੜ

**ਨਿਰਮਲ ਸਿੰਘ ਦਿਓਲ**
**ਵ੍ਹਟਸਐਪ : +61-481-321-926**



ਸਮਾਂ ਤੁਰਦਾ ਰਹਿੰਦਾ ਹੈ ਅਤੇ ਸਮੇਂ ਦੀ ਤੋਰ ਨਾਲ ਮੌਕੇ ਦੀਆਂ ਲੋੜਾਂ ਮੁਤਾਬਕ ਇਨਸਾਨ ਦੇ ਰਹਿਣ-ਸਹਿਣ ਅਤੇ ਲੋੜਾਂ ਦੀ ਪੂਰਤੀ ਲਈ ਰੰਗ-ਢੰਗ ਬਦਲਦੇ ਰਹਿੰਦੇ ਹਨ। ਤਕਰੀਬਨ ਸਾਰੇ ਪਿੰਡਾਂ ਦੇ ਇਤਿਹਾਸ ਬਾਰੇ ਜਾਣੂ ਹੁੰਦਿਆਂ ਪਤਾ ਲੱਗਦਾ ਹੈ ਕਿ ਪਹਿਲਾਂ-ਪਹਿਲ ਜਦੋਂ ਪਿੰਡ ਵਸਾਏ ਜਾਂਦੇ ਸਨ ਤਾਂ ਨੀਵੇਂ ਥਾਂ ਦੀ ਭਾਲ ਕੀਤੀ ਜਾਂਦੀ ਸੀ ਜਿੱਥੇ ਮੀਂਹਾਂ ਦਾ ਪਾਣੀ ਇਕੱਠਾ ਕੀਤਾ ਜਾ ਸਕੇ ਅਤੇ ਉਸ ਨੀਵੀਂ ਜਗ੍ਹਾ ਦੇ ਆਸੇ-ਪਾਸੇ ਘਰ ਪਾਏ ਜਾਂਦੇ ਸਨ ਯਾਨੀ ਪਿੰਡ ਵਸਾਇਆ ਜਾਂਦਾ ਸੀ।

ਉਨ੍ਹਾਂ ਸਮਿਆਂ ਵਿਚ ਇਨਸਾਨਾਂ ਤੇ ਪਸ਼ੂਆਂ ਲਈ ਪੀਣ ਅਤੇ ਵਰਤਣ ਲਈ ਪਾਣੀ ਦੀ ਪੂਰਤੀ ਬਾਰਿਸ਼ਾਂ 'ਤੇ ਹੀ ਨਿਰਭਰ ਹੁੰਦੀ ਸੀ ਕਿਉਂਕਿ ਉਦੋਂ ਨਹਿਰਾਂ ਵੀ ਨਹੀਂ ਹੁੰਦੀਆਂ ਸਨ। ਪਿੰਡ ਵਸਾਉਣ ਤੋਂ ਬਾਅਦ ਤਕਰੀਬਨ ਸਾਰੇ ਪਿੰਡਾਂ ਵਿਚ ਖੂਹ ਬਣਾਏ ਜਾਂਦੇ ਹਨ ਜੋ ਪੀਣ ਲਈ ਸਾਫ-ਸੁਥਰਾ ਪਾਣੀ ਮੁਹੱਈਆ ਕਰਦੇ ਸਨ। ਹਰ ਪਿੰਡ ਵਿਚ ਤਕਰੀਬਨ ਛੱਪੜ ਤੇ ਖੂਹ ਇੱਕੋ ਜਗ੍ਹਾ 'ਤੇ ਹੁੰਦੇ ਸਨ। ਪੰਜਾਬ ਦੀ ਲੋਕਧਾਰਾ ਵਿਚ ਛੱਪੜਾਂ ਅਤੇ ਖੂਹਾਂ ਦਾ ਜ਼ਿਕਰ ਥਾਂ-ਥਾਂ ਮਿਲਦਾ ਹੈ।

ਲੋਕ ਗੀਤਾਂ ਤੋਂ ਇਲਾਵਾ ਲੋਕੋਕਤੀਆਂ ਅਤੇ ਮੁਹਾਵਰਿਆਂ ਵਿਚ ਵੀ ਇਨ੍ਹਾਂ ਦਾ ਜ਼ਿਕਰ ਆਉਂਦਾ ਹੈ। ਖੂਹਾਂ 'ਤੇ ਰੱਬ ਵਸਦਾ ਮਹਿਸੂਸ ਹੁੰਦਾ ਸੀ। ਘਰ-ਘਰ ਨਲਕੇ ਆ ਗਏ ਤਾਂ ਖੂਹਾਂ 'ਤੇ ਹੁੰਦੇ ਮੇਲ-ਮਿਲਾਪ ਵੀ ਬੀਤੇ ਦੀ ਗੱਲ ਬਣ ਕੇ ਰਹਿ ਗਈ। ਖੂਹਾਂ ਦਾ ਪੂਰਨਾ ਖਵਾਜ਼ੇ ਨੂੰ ਨਾਰਾਜ਼ ਕਰਨਾ ਸਮਝਿਆ ਜਾਂਦਾ। ਛੱਪੜਾਂ ਨੂੰ ਸਾਰੇ ਪਿੰਡ ਦਾ ਸਾਂਝਾ ਸਥਾਨ ਸਮਝ ਕੇ ਆਪਣੀ ਲੋੜ ਲਈ ਸਾਫ-ਸੁਥਰਾ ਰੱਖਿਆ ਜਾਂਦਾ ਸੀ।

ਬਾਰਿਸ਼ਾਂ ਵੇਲੇ ਛੱਪੜ ਵੱਲ ਨੂੰ ਸਿਰਫ ਸਾਫ-ਸੁਥਰਾ ਪਾਣੀ ਹੀ ਜਾਣ ਦਿੱਤਾ ਜਾਂਦਾ ਸੀ ਅਤੇ ਰੂੜੀਆਂ ਜਾਂ ਹੋਰ ਗੰਦੇ ਥਾਵਾਂ ਤੋਂ ਜਾਣ ਵਾਲਾ ਪਾਣੀ ਛੱਪੜ ਵਿਚ ਨਹੀਂ ਪੈਣ ਦਿੱਤਾ ਜਾਂਦਾ ਸੀ ਕਿਉਂਕਿ ਪਹਿਲਾਂ-ਪਹਿਲਾਂ ਤਾਂ ਛੱਪੜਾਂ ਦਾ ਪਾਣੀ ਪੀਣ ਲਈ ਵੀ ਵਰਤਿਆ ਜਾਂਦਾ ਸੀ। ਫਿਰ ਪਿੰਡਾਂ ਵਿਚ ਖੂਹ ਲੱਗਣ ਤੋਂ ਬਾਅਦ ਛੱਪੜਾ ਦਾ ਪਾਣੀ ਨਹਾਉਣ-ਧੋਣ, ਕੱਪੜੇ ਧੋਣ ਅਤੇ ਪਸ਼ੂਆਂ ਨੂੰ ਪਿਆਉਣ ਅਤੇ ਨਹਾਉਣ ਲਈ ਵਰਤੋਂ ਵਿਚ ਲਿਆਂਦਾ ਜਾਂਦਾ ਸੀ।

ਦੋ-ਤਿੰਨ ਸਾਲਾਂ ਬਾਅਦ ਛੱਪੜਾਂ ਦੀ ਸਾਰਾ ਪਿੰਡ ਰਲ ਕੇ ਸਫਾਈ ਕਰਦਾ ਸੀ ਅਤੇ ਤਲ 'ਤੇ ਇਕੱਠੀ ਹੋਈ ਮਿੱਟੀ ਦੇ ਡਲਿਆਂ ਨੂੰ ਇੱਟਾਂ ਦੇ ਰੂਪ ਵਿਚ ਮਕਾਨ ਉਸਾਰਨ ਜਾਂ ਕੰਧਾਂ ਕੱਢਣ ਲਈ ਵਰਤਿਆ ਜਾਂਦਾ ਸੀ ਜਿਨ੍ਹਾਂ ਨੂੰ ਮਾਲਵੇ ਵਿਚ ਪਾਲੀ ਦੀਆਂ ਇੱਟਾਂ ਕਿਹਾ ਜਾਂਦਾ ਸੀ। ਛੱਪੜਾਂ ਦਾ ਪਾਣੀ ਤਾਲਾਬਾਂ ਦੇ ਪਾਣੀ ਦੀ ਤਰ੍ਹਾਂ ਸਾਫ-ਸੁਥਰਾ ਹੁੰਦਾ ਸੀ। ਸਾਰਾ ਦਿਨ ਪਿੰਡ ਦੇ ਮੁੰਡੇ ਛੱਪੜਾਂ ਵਿਚ ਤਾਰੀਆਂ ਲਾਉਂਦੇ ਰਹਿੰਦੇ ਸਨ ਅਤੇ ਗਰਮੀਆਂ ਵਿਚ ਪਸ਼ੂ ਸਾਰਾ ਦੁਪਹਿਰਾ ਛੱਪੜਾਂ ਵਿਚ ਕੱਟਦੇ ਸਨ। ਪਿੰਡਾਂ ਦੀਆਂ ਜ਼ਨਾਨੀਆਂ ਦਾ ਕੱਪੜੇ ਧੋਣ ਲਈ ਸਾਰਾ ਦਿਨ ਛੱਪੜਾਂ ਦੇ ਕਿਨਾਰੇ 'ਤੇ ਇਕੱਠ ਰਹਿੰਦਾ ਸੀ। ਨਹਿਰਾਂ ਦਾ ਪਾਣੀ ਆਉਣ ਤੋਂ ਬਾਅਦ ਛੱਪੜਾਂ ਵਿਚ ਪਾਣੀ ਭਰਨ ਲਈ ਸਾਂਝੀ ਵਾਰੀ ਵੀ ਰੱਖੀ ਜਾਂਦੀ ਸੀ। ਦੂਰ ਵਾਲੇ ਖੇਤਾਂ ਵਿਚ ਪਾਣੀ ਦੀ ਲੋੜ ਲਈ ਨੀਵੀਂਆਂ ਥਾਵਾਂ 'ਤੇ ਪਾਣੀ ਇਕੱਠਾ ਕਰ ਕੇ ਰੱਖਿਆ ਜਾਂਦਾ ਸੀ ਜਿਸ ਨੂੰ ਢਾਬ ਕਹਿੰਦੇ ਸਨ।

ਪਿੰਡਾਂ ਵਿਚ ਖੂਹ ਲੱਗਣ ਨਾਲ ਪੀਣ ਲਈ ਖੂਹਾਂ ਦਾ ਪਾਣੀ ਵਰਤਿਆ ਜਾਣ ਲੱਗਾ। ਮਹਿਰਾ ਬਰਾਦਰੀ ਦੇ ਲੋੜ ਖੂਹਾਂ ਤੋਂ ਬੋਕੇ ਰਾਹੀਂ ਬਲਦ ਜਾਂ ਊਠ ਜੋੜ ਕੇ ਪਾਣੀ ਖਿੱਚ ਕੇ ਗੱਡੀਆਂ ਵਿਚ ਭਰ ਕੇ ਅੱਗੇ ਘਰਾਂ ਤੱਕ ਪਹੁੰਚਾਉਣ ਦਾ ਕੰਮ ਕਰਦੇ ਸਨ। ਖੂਹ ਦੇ ਆਸੇ-ਪਾਸੇ ਪੱਕੇ ਚੁਬੱਚੇ ਬਣਾ ਕੇ ਉਨ੍ਹਾਂ ਵਿਚ ਪਾਣੀ ਭਰ ਦਿੱਤਾ ਜਾਂਦਾ ਸੀ ਅਤੇ ਪਿੰਡ ਦੀਆਂ ਕੁੜੀਆ-ਬੁੜ੍ਹੀਆਂ, ਘੜਿਆਂ ਰਾਹੀਂ ਆਪੋ-ਆਪਣੀ ਲੋੜ ਲਈ ਘਰਾਂ ਵਿਚ ਪਾਣੀ ਲੈ ਜਾਂਦੀਆਂ ਸਨ ਅਤੇ ਸਰਦੇ ਘਰ ਸਾਲ ਦੇ ਸੇਪੀ ਦੇ ਸੂਪ ਵਿਚ ਦਾਣੇ-ਫੱਕੇ ਦੇ ਕੇ ਆਪਣੇ ਘਰਾਂ ਵਿਚ ਪਾਣੀ ਪਵਾਉਣ ਦਾ ਇੰਤਜ਼ਾਮ ਕਰ ਲੈਂਦੇ ਸਨ। ਖੂਹਾਂ ਦੇ ਇਕ ਪਾਸੇ ਪਸ਼ੂਆਂ ਨੂੰ ਪਾਣੀ ਪਿਆਉਣ ਲਈ ਹੌਦੀ ਬਣੀ ਹੁੰਦੀ ਸੀ ਜਿੱਥੇ ਲੰਘਦੇ-ਟੱਪਦੇ ਰਾਹੀ ਵੀ ਆਪਣੇ ਪਸ਼ੂਆਂ ਨੂੰ ਪਾਣੀ ਪਿਆਉਂਦੇ ਸਨ। ਵੱਡੇ ਪਿੰਡਾਂ ਵਿਚ ਪੱਤੀਆਂ ਦੇ ਹਿਸਾਬ ਨਾਲ ਇਕ ਤੋਂ ਜ਼ਿਆਦਾ ਖੂਹ ਅਤੇ ਛੱਪੜ ਵੀ ਹੁੰਦੇ ਸਨ। ਆਮ ਪਿੰਡਾਂ ਵਿਚ ਲੋਕਾਂ ਦੇ ਸੱਥ ਵਿਚ ਬੈਠਣ ਅਤੇ ਸਾਂਝੇ ਮਸਲੇ ਵਿਚਾਰਨ ਲਈ ਦਰਵਾਜ਼ਾ ਵੀ ਇਨ੍ਹਾਂ ਥਾਵਾਂ ਦੇ ਨੇੜੇ ਹੁੰਦਾ ਸੀ। ਹਰ ਪਿੰਡ ਵਿਚ ਖੂਹਾਂ ਤੇ ਛੱਪੜਾਂ ਦੇ ਆਸੇ-ਪਾਸੇ ਬੋਹੜਾ ਤੇ ਪਿੱਪਲਾਂ ਦੇ ਵੱਡੇ-ਵੱਡੇ ਰੁੱਖ ਲੱਗੇ ਹੁੰਦੇ ਸਨ। ਉਦੋਂ ਗਰਮੀਆਂ ਦਾ ਦੁਪਹਿਰਾ ਕੱਟਣ ਲਈ ਹੁਣ ਵਾਂਗ ਘਰਾਂ ਵਿਚ ਕਮਰੇ ਅਤੇ ਸੁੱਖ-ਸਹੂਲਤਾਂ ਲਈਂ ਹੁੰਦੀਆਂ ਸਨ। ਆਮ ਲੋਕ ਬੋਹੜਾਂ, ਪਿੱਪਲਾਂ ਥੱਲੇ ਹੀ ਗਰਮੀਆਂ ਦੇ ਦੁਪਹਿਰੇ ਕੱਟਦੇ ਸਨ।

ਵੱਡੇ ਬਜ਼ੁਰਗ ਆਪੋ-ਆਪਣੇ ਮੰਜੇ ਚੁੱਕ ਲਿਆਉਂਦੇ ਸਨ ਅਤੇ ਖੂਹਾਂ, ਛੱਪੜਾਂ ਕਿਨਾਰੇ ਰੁੱਖਾਂ ਥੱਲੇ ਮੇਲਾ ਲੱਗਿਆ ਰਹਿੰਦਾ ਸੀ। ਲੰਘਦੇ-ਟੱਪਦੇ ਰਾਹੀ ਵੀ ਪਾਣੀ ਪੀਣ ਅਤੇ ਆਰਾਮ ਕਰਨ ਦੇ ਬਹਾਨੇ ਕੁਝ ਸਮਾਂ ਰੁਕ ਜਾਂਦੇ ਸਨ। ਇਕ-ਦੂਜੇ ਪਿੰਡਾਂ ਤੱਕ ਸੁੱਖ ਸੁਨੇਹੇ ਵੀ ਉੱਥੋਂ ਲੰਘਦੇ ਰਾਹੀਆਂ ਨਾਲ ਗੱਲਾਂ ਕਰਦਿਆਂ ਅੱਗੇ ਪਹੁੰਚਾ ਦਿੱਤੇ ਜਾਂਦੇ ਸਨ। ਬੱਚੇ ਸਾਰਾ ਦੁਪਹਿਰਾ ਰੁੱਖਾਂ ਥੱਲੇ ਖੇਡਦੇ ਸਨ। ਤਾਸ਼ ਦੇ ਸ਼ੌਕੀਨ ਢਾਣੀਆਂ ਬਣਾ ਕੇ ਤਾਸ਼ ਦਾ ਆਨੰਦ ਮਾਣਦੇ ਸਨ। ਤੀਆਂ ਦੇ ਦਿਨਾਂ ਵਿਚ ਪਿੰਡ ਦੀਆਂ ਕੁੜੀਆਂ, ਨੂੰਹਾਂ-ਧੀਆਂ ਪੀਂਘਾਂ ਝੂਟਦੀਆਂ ਅਤੇ ਤੀਆਂ ਦੇ ਗੀਤ ਗਾਉਂਦੀਆਂ ਸਨ।

ਉਨ੍ਹਾਂ ਸਮਿਆਂ ਵਿਚ ਪਾਣੀ ਦੀਆਂ ਲੋੜਾਂ ਦੀ ਪੂਰਤੀ ਲਈ ਅਤੇ ਭਾਈਚਾਰਕ ਸਾਂਝਾਂ ਦੇ ਮਾਣਮੱਤੇ ਵਿਰਸੇ ਦੇ ਰੰਗਾਂ ਨੂੰ ਰੂਪਮਾਨ ਕਰਨ ਵਾਲੇ ਖੂਹ ਅਤੇ ਛੱਪੜ ਹੁਣ ਬੀਤੇ ਸਮੇਂ ਦੀ ਕਹਾਣੀ ਬਣ ਕੇ ਰਹਿ ਗਏ ਹਨ। ਉਨ੍ਹਾਂ ਸਮਿਆਂ ਵਿਚ ਸ਼ਰਬਤ ਵਰਗੇ ਪਾਣੀਆਂ ਦੇ ਇਹ ਸੋਮੇ ਸਾਫ-ਸੁਥਰਾ ਪਾਣੀ ਮੁਹੱਈਆ ਕਰਨ ਦੇ ਸਮਰੱਥ ਹੁੰਦੇ ਸਨ। ਹੁਣ ਨਵੀਆਂ ਕਾਢਾਂ ਨਾਲ ਮਿਲਦੇ ਪਾਣੀਆਂ ਨਾਲ ਲੋਕਾਂ ਦੀ ਸਿਹਤ ਦਿਨ-ਬ-ਦਿਨ ਨਵੀਆਂ ਬਿਮਾਰੀਆਂ ਦੀ ਗ੍ਰਿਫਤ ਵਿਚ ਆ ਰਹੀ ਹੈ। ਹਰ ਪਿੰਡ ਦੇ ਖੂਹ ਬੰਦ ਪਏ ਹਨ ਜਾਂ ਢਹਿ ਚੁੱਕੇ ਹਨ। ਛੱਪੜਾਂ ਵਿਚ ਸਾਰੇ ਪਿੰਡ ਦਾ ਇਕੱਠਾ ਹੋਇਆ ਗੰਦਾ ਪਾਣੀ ਅਨੇਕਾਂ ਬਿਮਾਰੀਆਂ ਦੇ ਫੈਲਣ ਦਾ ਕਾਰਨ ਬਣਿਆ ਰਹਿੰਦਾ ਹੈ।

ਖੂਹਾਂ ਤੇ ਛੱਪੜਾਂ ਦੇ ਕਿਨਾਰੇ ਬੋਹੜਾਂ ਤੇ ਪਿੱਪਲਾਂ ਦੇ ਰੁੱਖ ਵੀ ਸਮੇਂ ਦੀਆਂ ਮਾਰਾਂ ਦੇ ਝੰਬੇ ਸੁੱਕ ਚੁੱਕੇ ਹਨ। ਜਿਨ੍ਹਾਂ ਖੂਹਾਂ ਤੇ ਛੱਪੜਾਂ ਤੇ ਮੇਲਿਆਂ ਵਰਗੀਆਂ ਰੌਣਕਾਂ ਹੁੰਦੀਆਂ ਸਨ, ਹੁਣ ਲੋਕ ਉਨ੍ਹਾਂ ਤੋਂ ਪਾਸਾ ਵੱਟ ਕੇ ਲੰਘਦੇ ਹਨ। ਕਿਸੇ ਸਮੇਂ ਪਿੰਡਾਂ ਦੇ ਮਾਣਮੱਤੇ ਤੇ ਸ਼ਾਨਾਂਮੱਤੇ ਇਤਿਹਾਸ ਦੇ ਗਵਾਹ ਰਹੇ ਇਹ ਛੱਪੜ ਤੇ ਖੂਹ ਹੁਣ ਉਦਾਸ ਤੇ ਬੇਰੰਗ ਹੋਏ ਬੀਤੇ ਦੀ ਕਹਾਣੀ ਬਣ ਚੁੱਕੇ ਹਨ। ਆਪਣੇ ਵੱਡ-ਵਡੇਰਿਆਂ ਦੀ ਯਾਦ ਅਤੇ ਨਿਸ਼ਾਨੀਆਂ ਸਮਝ ਕੇ ਇਨ੍ਹਾਂ ਦੇ ਵਿਰਾਸਤੀ ਰੰਗਾਂ ਨੂੰ ਸਾਂਭਣ ਲਈ ਲੋਕਾਂ ਤੇ ਸਰਕਾਰਾਂ ਉਪਰਾਲੇ ਕਰਨੇ ਚਾਹੀਦੇ ਹਨ।

# ਖੇਤੀ ਅਤੇ ਭੋਜਨ ਉਤਪਾਦਾਂ ਦਾ ਸੁਚੱਜਾ ਮੰਡੀਕਰਨ

**ਖੁਸ਼ਦੀਪ ਧਰਨੀ, ਸਕੂਲ ਆਫ ਬਿਜ਼ਨਸ ਸਟੱਡੀਜ਼ (ਮੋ. 8461-33399)**

ਮੰਡੀਕਰਨ ਦੀ ਧਾਰਨਾ ਖਪਤਕਾਰ ਲਈ ਫਾਇਦੇ ਉੱਤੇ ਅਧਾਰਿਤ ਹੈ। ਪ੍ਰਭਾਵੀ ਮੰਡੀਕਰਨ ਪ੍ਰਕਿਰਿਆ ਵਿਚ ਖਪਤਕਾਰਾਂ ਲਈ ਸੌਖ ਨੂੰ ਘੜਿਆ ਜਾਂਦਾ ਹੈ। ਇਸਦਾ ਸੰਚਾਰ ਅਤੇ ਖਪਤਕਾਰਾਂ ਤੱਕ ਸੌਖ ਦੀ ਪਹੁੰਚ ਵੀ ਮੰਡੀਕਰਨ ਦੇ ਅਹਿਮ ਕੰਮਾਂ ਵਿਚ ਸ਼ੁਮਾਰ ਹੈ। ਪ੍ਰਭਾਵੀ ਮੰਡੀਕਰਨ ਵਿਚ ਖਪਤਕਾਰਾਂ ਦੀ ਨਬਜ਼ ਪੜਨਾ ਅਤੇ ਮੰਡੀ ਦੀ ਵੰਡ ਰਾਹੀਂ ਨਿਰਧਾਰਿਤ ਖਪਤਕਾਰਾਂ ਤੱਕ ਵਧੀਆ ਉਤਪਾਦ ਅਤੇ ਸੇਵਾਵਾਂ ਪਹੁੰਚਾਉਣ ਦੇ ਉਪਰਾਲੇ ਕੀਤੇ ਜਾਂਦੇ ਹਨ। ਮੰਡੀਕਰਨ ਸਬੰਧੀ ਫੈਸਲਿਆਂ ਵਿਚ ਹੇਠ ਲਿਖੇ ਸੰਦਰਭਾਂ ਨੂੰ ਧਿਆਨ ਵਿੱਚ ਰੱਖਿਆ ਜਾਣਾ ਚਾਹੀਦਾ ਹੈ : ਵਸਤੂ, ਕੀਮਤ, ਥਾਂ, ਪ੍ਰਚਾਰ।

**ਖੇਤੀ ਅਤੇ ਭੋਜਨ ਉਤਪਾਦਾਂ ਦੇ ਮੰਡੀਕਰਨ ਨੂੰ ਉਤਸ਼ਾਹ ਦੇਣ ਲਈ ਹੇਠ ਲਿਖੇ ਨੁਕਤੇ ਸੁਝਾਏ ਗਏ ਹਨ।**

1. ਉਤਪਾਦਾਂ ਦੇ ਵੱਖਰੇਪਣ ਦੀ ਰਣਨੀਤੀ ਨੂੰ ਅਪਨਾਉਣਾ।
2. ਖੇਤੀ ਉਤਪਾਦਾਂ ਦਾ ਮੁੱਲ ਵਧੇਰੇ ਕਰਕੇ ਵੇਚਣਾ।
3. ਵੰਡ ਪ੍ਰਣਾਲੀ ਦਾ ਪ੍ਰਸਾਰ ਅਤੇ ਦੁਰਾਡੇ ਦੀਆਂ ਮੰਡੀਆਂ ਤੱਕ ਪਹੁੰਚ
4. ਉਤਪਾਦ ਵਿਭਿੰਨਤਾ ਅਤੇ ਪੇਸ਼ਕਾਰੀ ਉੱਤੇ ਧਿਆਨ ਦੇਣਾ।
5. ਇਕੱਠੇ ਰਲ ਕੇ ਮੰਡੀਕਰਨ ਉਪਰਾਲੇ।
6. ਆਨਲਾਈਨ ਮੰਡੀਕਰਨ ਦਾ ਇਸਤੇਮਾਲ।

ਅਜੋਕਾ ਯੁੱਗ ਮੁਕਾਬਲੇ ਦਾ ਯੁੱਗ ਹੈ। ਪ੍ਰਚੰਡ ਮੁਕਾਬਲੇ ਦਾ ਸਾਹਮਣਾ ਕਰਨ ਦਾ ਢੰਗ ਉਤਪਾਦਾਂ ਵਿੱਚ ਵੱਖਰਾਪਣ ਲਿਆ ਕੇ ਹੀ ਕੀਤਾ ਜਾ ਸਕਦਾ ਹੈ। ਵੱਖਰੇਪਣ ਤੋਂ ਭਾਵ ਉਤਪਾਦਾਂ ਦੀ ਭੀੜ ਵਿਚ ਵਸਤੂ ਦੀ ਇਕ ਵੱਖਰੀ ਪਹਿਚਾਣ ਸਥਾਪਿਤ ਕਰਨ ਤੋਂ ਹੈ। ਉਤਪਾਦਾਂ ਵਿੱਚ ਇਹ ਵੱਖਰਾਪਣ ਅਸਲ ਵੀ ਹੋ ਸਕਦਾ ਅਤੇ ਸੋਚ ਅਧਾਰਿਤ ਵੀ ਹੋ ਸਕਦਾ ਹੈ। ਖੇਤੀ ਉਤਪਾਦਾਂ ਦੇ ਸਬੰਧ ਵਿਚ ਅਸਲ ਵੱਖਰਾਪਣ ਗੁਣਵੱਤਾ ਵਿਚ ਫਰਕ ਲਿਆ ਕੇ ਕੀਤਾ ਜਾ ਸਕਦਾ ਹੈ। ਉਦਾਹਰਨ ਦੇ ਤੌਰ ਤੇ ਦਾਣੇ ਦਾ ਆਕਾਰ, ਟੁੱਟੇ ਦਾਣਿਆਂ ਦੀ ਮਾਤਰਾ, ਪੌਸ਼ਣਤਾ, ਸਵਾਦ, ਸੁਗੰਧ ਆਦਿ ਨਾਲ ਵਸਤਾਂ ਵਿੱਚ ਅਸਲ ਤੌਰ ਉੱਤੇ ਵੱਖਰਾਪਣ ਲਿਆਇਆ ਜਾ ਸਕਦਾ ਹੈ। ਹਾਲਾਂਕਿ ਕਣਕ ਦੇ ਆਟੇ, ਚਾਵਲ ਅਤੇ ਦਾਲਾਂ ਵਿੱਚ ਉਪਰੋਕਤ ਦਰਸਾਏ ਸੰਦਰਭਾਂ ਵਿਚ ਵੱਖਰਾਪਣ ਵੇਖਣ ਨੂੰ ਮਿਲਦਾ ਹੈ ਪਰੰਤੂ ਸਾਰੀਆਂ ਖੇਤੀ ਵਸਤਾਂ ਵਿਚ ਵੱਖਰਾਪਣ ਲਿਆਉਣ ਸਬੰਧੀ ਯਤਨ ਦਰਕਾਰ ਹਨ।

ਸੋਚ ਅਧਾਰਿਤ ਵੱਖਰੇਪਣ ਨੂੰ ਮੰਡੀਕਰਨ ਵਿਚ ਜ਼ਿਆਦਾ ਇਸਤੇਮਾਲ ਕੀਤਾ ਜਾਂਦਾ ਹੈ। ਸੋਚ ਅਧਾਰਿਤ ਵੱਖਰੇਪਣ ਵਿਚ ਸਭ ਤੋਂ ਜ਼ਿਆਦਾ ਇਸਤੇਮਾਲ ਹੋਣ ਵਾਲਾ ਹੀਲਾ ਬਰਾਂਡਿੰਗ ਜਾਂ ਮਾਰਕਾ ਲਾਉਣਾ ਹੈ। ਮਾਰਕਾ ਲਾਉਣ ਦਾ ਮਕਸਦ ਮਸ਼ਹੂਰੀ ਰਾਹੀਂ ਖਪਤਕਾਰਾਂ ਦੇ ਦਿਮਾਗ ਵਿਚ ਅਜਿਹਾ ਅਕਸ ਉੱਕਰਣ ਦੀ ਕੋਸ਼ਿਸ਼ ਹੁੰਦੀ ਹੈ ਜਿਸ ਸਦਕਾ ਖਪਤਕਾਰ ਦੀ ਸੋਚ ਮਾਰਕਾ ਲੱਗੀ ਵਸਤੂ ਦੇ ਬਾਕੀਆਂ ਨਾਲੋਂ ਬਿਹਤਰ ਹੋਣ ਵਾਲੇ ਪਾਸੇ ਮੁੜ ਜਾਂਦੀ ਹੈ। ਮਾਰਕਾ ਲਾਉਣ ਨਾਲ ਨਮਕ ਅਤੇ ਪੀਣ ਵਾਲੇ ਪਾਣੀ ਵਰਗੀਆਂ ਵਸਤਾਂ ਵਿੱਚ ਸੋਚ ਅਧਾਰਿਤ ਵੱਖਰਾਪਣ ਲਿਆਉਣ ਦੀਆਂ ਕਈ ਮਿਸਾਲਾਂ ਵੇਖੀਆਂ ਜਾ ਸਕਦੀਆਂ ਹਨ। ਵੱਖਰੇਪਣ ਰਾਹੀਂ ਖੇਤੀ ਜਿਣਸਾਂ ਨੂੰ ਉਤਪਾਦਾਂ ਵਿਚ ਪਰਿਵਰਤਿਤ ਕਰਨ ਵਿਚ ਮਦਦ ਮਿਲਦੀ ਹੈ।

ਖੇਤੀ ਉਤਪਾਦਾਂ ਦੇ ਮੰਡੀਕਰਨ ਨੂੰ ਹੱਲਾਸ਼ੇਰੀ ਦੇਣ ਲਈ ਵਧੇਰੇ ਮੁੱਲ ਅਹਿਮ ਭੂਮਿਕਾ ਅਦਾ ਕਰਦਾ ਹੈ। ਵਧੇਰੇ ਮੁੱਲ ਰਾਹੀਂ ਖੇਤੀ ਉਤਪਾਦਾਂ ਦੇ ਇਸਤੇਮਾਲ ਵਿਚ ਵਾਧਾ ਹੁੰਦਾ ਹੈ। ਖੇਤੀ ਜਿਣਸਾਂ ਦੀ ਪ੍ਰੋਸੈਸਿੰਗ ਰਾਹੀਂ ਇਹਨਾਂ ਦੀ ਵੇਚ ਸੰਭਾਵਨਾ ਅਤੇ ਲਾਹੇਵੰਦੀ ਵਿਚ ਚੋਖਾ ਇਜ਼ਾਫਾ ਕੀਤਾ ਜਾ ਸਕਦਾ ਹੈ। ਉਦਾਹਰਨ ਦੇ ਤੌਰ ਤੇ ਫਲਾਂ ਅਤੇ ਸਬਜ਼ੀਆਂ ਦੀ ਪ੍ਰੋਸੈਸਿੰਗ ਰਾਹੀਂ ਵੰਨ ਸੁਵੰਨੇ ਉਤਪਾਦ ਤਿਆਰ ਕਰਕੇ ਇਹਨਾਂ ਜਿਣਸਾਂ ਦੀ ਮੰਗ ਵਿੱਚ ਵਾਧਾ ਹੋ ਸਕਦਾ ਹੈ। ਕਣਕ, ਚਾਵਲ, ਦਾਲਾਂ ਅਤੇ ਮੋਟੇ ਅਨਾਜਾਂ ਨੂੰ ਵੀ ਦਲੀਏ, ਪ੍ਰੋਟੀਨ ਭਰਪੂਰ ਭੋਜਨ ਅਤੇ ਬਰੇਕਫਾਸਟ ਦੇ ਬਦਲ ਦੇ ਤੌਰ ਤੇ ਪੇਸ਼ ਕਰਕੇ ਮੰਡੀਕਰਨ ਦੇ ਮੌਕਿਆਂ ਨੂੰ ਤਿਆਰ ਕੀਤਾ ਜਾ ਸਕਦਾ ਹੈ। ਪ੍ਰੋਸੈਸਿੰਗ ਸਦਕਾ ਖੇਤੀ ਵਸਤਾਂ ਦੀ ਉਮਰ ਦਰਾਜ਼ੀ ਵਿਚ ਵਾਧਾ ਕਰਕੇ ਦੂਰ ਦੁਰਾਡੇ ਦੀਆਂ ਮੰਡੀਆਂ ਵਿਚ ਢੋਆ ਢੁਆਈ ਵਿੱਚ ਸਹੂਲਤ ਹੁੰਦੀ ਹੈ। ਇਸ ਤੋਂ ਇਲਾਵਾ ਛੇਤੀ ਖਰਾਬ ਹੋਣ ਕਰਕੇ ਮੌਕੇ ਉੱਪਰ ਹੀ ਵੇਚਣ ਦੀ ਮਜ਼ਬੂਰੀ ਤੋਂ ਨਿਜਾਤ ਪਾ ਕੇ ਲਾਹੇਵੰਦੀ ਪੱਖੋਂ ਵੀ ਸੁਖਾਲਾ ਹੋਇਆ ਜਾ ਸਕਦਾ ਹੈ। ਫੂਡ ਫੋਰਟੀਫਿਕੇਸ਼ਨ ਰਾਹੀਂ ਭੋਜਨ ਪਦਾਰਥਾਂ ਦੀ ਪੌਸ਼ਣਤਾ ਵਿਚ ਇਜ਼ਾਫਾ ਹੁੰਦਾ ਹੈ ਅਤੇ ਨਾਲ ਹੀ ਇਹ ਪ੍ਰਕਿਰਿਆ ਖੇਤੀ ਉਤਪਾਦਾਂ ਨੂੰ ਲੋੜੀਂਦਾ ਵੱਖਰਾਪਣ ਵੀ ਪ੍ਰਦਾਨ ਕਰਦੀ ਹੈ। ਜ਼ਿਆਦਾ ਵੈਰਾਇਟੀ ਰਾਹੀਂ ਖੇਤੀ ਉਤਪਾਦਾਂ ਦੀ ਮੰਗ ਵਿਚ ਵੀ ਵਾਧਾ ਹੁੰਦਾ ਹੈ। ਇਸ ਲਈ ਨਿਰੰਤਰ ਤੋਂ ਉਪਰ ਭੋਜਨ ਪਦਾਰਥਾਂ ਨੂੰ ਉਤਪਾਦ ਦੇ ਰੂਪ ਵਿਚ ਵਿਕਸਿਤ ਕਰਨ ਦੀ ਨਵੀਨਤਾ ਵਿਚ ਤੇਜ਼ੀ ਲਿਆਉਣ ਦੀ ਲੋੜ ਹੈ।

ਖੇਤੀ ਅਤੇ ਭੋਜਨ ਪਦਾਰਥਾਂ ਦੀ ਵੇਚ ਵਿਚ ਵਾਧਾ ਲਿਆਉਣ ਲਈ ਦੂਰ ਦੁਰਾਡੇ ਦੀਆਂ ਮੰਡੀਆਂ ਤੱਕ ਪਹੁੰਚ ਕਾਰਗਰ ਰੂਪ ਵਿਚ ਸਹਾਈ ਹੋ ਸਕਦੀ ਹੈ। ਪ੍ਰਭਾਵੀ ਵੰਡ ਪ੍ਰਣਾਲੀ ਇਸ ਸੰਦਰਭ ਵਿੱਚ ਅਹਿਮ ਸਥਾਨ ਰੱਖਦੀ ਹੈ। ਖਪਤਕਾਰਾਂ ਤੱਕ ਡੂੰਘੀ ਪਹੁੰਚ ਲਈ ਵੰਡ ਪ੍ਰਣਾਲੀ ਪ੍ਰਬੰਧ ਵਿਚ ਮੁਹਾਰਤ ਸਮੇਂ ਦੀ ਲੋੜ ਹੈ। ਪ੍ਰਭਾਵੀ ਪੂਰਤੀ ਲੜੀ ਪ੍ਰਬੰਧ ਰਾਹੀਂ ਲਾਗਤ ਵਿਚ ਕਮੀ ਦੇ ਨਾਲ ਖਪਤਕਾਰਾਂ ਦੀਆਂ ਲੋੜਾਂ ਨੂੰ ਸਮੇਂ ਸਿਰ ਪੂਰਾ ਕਰਕੇ ਖੇਤੀ ਉਤਪਾਦਾਂ ਦੇ ਮੰਡੀਕਰਨ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ।

ਪੈਕੇਜਿੰਗ ਰਾਹੀਂ ਪ੍ਰੋਸੈਸ ਕੀਤੀਆਂ ਖੇਤੀ ਅਤੇ ਭੋਜਨ ਵਸਤਾਂ ਦੀ ਪੇਸ਼ਕਾਰੀ ਵਿਚ ਚੋਖਾ ਵਾਧਾ ਕੀਤਾ ਜਾ ਸਕਦਾ ਹੈ। ਪੈਕੇਜਿੰਗ ਰਾਹੀਂ ਖੇਤੀ ਵਸਤਾਂ ਦੀ ਭੌਤਿਕ ਰੂਪ ਵਿਚ ਬਿਹਤਰ ਭੰਡਾਰਣ ਅਤੇ ਸੰਭਾਲ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਪੈਕੇਜਿੰਗ ਉੱਪਰ ਲੇਬਲਿੰਗ ਰਾਹੀਂ ਵੀ ਖਪਤਕਾਰਾਂ ਨਾਲ ਰਾਬਤਾ ਕਰਨ ਦੇ ਰਾਹ ਉਲੀਕੇ ਜਾ ਸਕਦੇ ਹਨ। ਭੋਜਨ ਪਦਾਰਥਾਂ ਦੇ ਸੰਦਰਭ ਵਿਚ ਬਿਹਤਰ ਮੰਡੀਕਰਨ ਲਈ ਗੁਣਵੱਤਾ ਅਤੇ ਵਧੀਆ ਪੈਕਿੰਗ ਅਸਰਦਾਰ ਮਾਇਨੇ ਰੱਖਦੇ ਹਨ।

ਆਮ ਤੌਰ ਤੇ ਛੋਟੇ ਕਿਸਾਨ ਵੱਡੀਆਂ ਬਹੁਰਾਸ਼ਟਰੀ ਕੰਪਨੀਆਂ ਦੀ ਘੱਟ ਲਾਗਤ ਅਤੇ ਮੰਡੀਕਰਨ ਉਪਰਾਲਿਆਂ ਦਾ ਮੁਕਾਬਲਾ ਕਰਨ ਵਿਚ ਅਸਮਰੱਥ ਹੁੰਦੇ ਹਨ। ਕਿਉਂਕਿ ਕਿਸਾਨ ਵੱਡੀਆਂ ਕੰਪਨੀਆਂ ਦੇ ਉਤਪਾਦਨ ਅਤੇ ਮੰਡੀਕਰਨ ਦੇ ਪੱਧਰ ਦਾ ਮੁਕਾਬਲਾ ਇਕੱਠੇ ਤੌਰ ਤੇ ਨਹੀਂ ਕਰ ਸਕਦੇ। ਛੋਟੇ ਪੱਧਰ ਉੱਤੇ ਉਤਪਾਦਨ ਨੂੰ ਪ੍ਰੋਸੈਸਿੰਗ ਲਾਗਤਾਂ, ਮਾਰਕਾ ਬਣਾਉਣ ਅਤੇ ਚੌਤਰਫਾ ਵੰਡ ਪ੍ਰਣਾਲੀ ਨੂੰ ਅਮਲ ਵਿਚ ਲਿਆਉਣ ਸਬੰਧੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਕਰਕੇ ਖੇਤੀ ਉੱਦਮੀਆਂ ਨੂੰ ਇੱਕ ਜੁੱਟ ਹੋ ਕੇ ਆਪਣੇ ਹੀਲੇ ਅਤੇ ਸੰਸਾਧਨ ਇਕੱਠੇ ਕਰਨ ਦੀ ਲੋੜ ਹੈ। ਇਸ ਸੰਦਰਭ ਵਿਚ ਕਿਸਾਨ ਉਤਪਾਦਕ ਸੰਗਠਨ (ਐਫ ਪੀ ਓ) ਇੱਕ ਪ੍ਰਭਾਵੀ ਹੱਲ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਏ ਹਨ। ਇਕੱਠੇ ਰਲ ਕੇ ਖੇਤੀ ਵਪਾਰ ਉੱਦਮੀ ਮੰਡੀਕਰਨ ਦਾ ਲਾਗਤਾਂ ਵਿੱਚ ਕਮੀ ਲਿਆ ਕੇ ਆਪਣੇ ਆਪ ਨੂੰ ਮੁਕਾਬਲੇ ਨਾਲ ਬਿਹਤਰ ਢੰਗ ਨਾਲ ਨਜਿੱਠਣ ਲਈ ਤਿਆਰ ਕਰ ਸਕਦੇ ਹਨ।

ਸੂਚਨਾ ਤਕਨੀਕ ਨੇ ਇਨਸਾਨੀ ਜ਼ਿੰਦਗੀ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕੀਤਾ ਹੈ। ਸੂਚਨਾ ਕਰਾਂਤੀ ਸਦਕਾ ਆਰਥਿਕ ਅਤੇ ਸਮਾਜਿਕ ਢਾਂਚਿਆਂ ਉੱਪਰ ਅਮਿੱਟ ਛਾਪ ਵੇਖਣ ਵਿਚ ਆਈ ਹੈ। ਇਸ ਸੂਚਨਾ ਕ੍ਰਾਂਤੀ ਵਿਚ ਕੰਪਿਊਟਰ, ਇੰਟਰਨੈੱਟ, ਮੋਬਾਇਲ ਸੰਚਾਰ ਵਰਗੇ ਕਈ ਸਾਰੇ ਕਾਰਕ ਮੌਜੂਦ ਹਨ। ਖੇਤੀ ਵਪਾਰ ਅਤੇ ਆਨਲਾਈਨ ਪਲੇਟਫਾਰਮਾਂ ਦਾ ਇਸਤੇਮਾਲ ਮੰਡੀਕਰਨ ਨੂੰ ਅੱਗੇ ਲੈ ਕੇ ਜਾਣ ਵਿਚ ਸਹਾਈ ਸਿੱਧ ਹੋਇਆ ਹੈ। ਖੇਤੀ ਉੱਦਮੀਆਂ ਨੂੰ ਆਨਲਾਈਨ ਮੰਡੀਕਰਨ ਰਾਹੀਂ ਆਪਣੇ ਵਪਾਰ ਨੂੰ ਮਜ਼ਬੂਤੀ ਬਖਸ਼ਣ ਦੇ ਉਪਰਾਲੇ ਜ਼ਰੂਰ ਕਰਨੇ ਚਾਹੀਦੇ ਹਨ।

**ਆਨਲਾਈਨ ਮੰਡੀਕਰਨ** : ਆਮ ਤੌਰ ਤੇ ਮੰਡੀਕਰਨ ਲਈ ਡਿਜੀਟਲ ਚੈਨਲਾਂ ਦੇ ਇਸਤੇਮਾਲ ਨੂੰ ਆਨਲਾਈਨ ਮੰਡੀਕਰਨ ਕਿਹਾ ਜਾਂਦਾ ਹੈ। ਸੂਚਨਾ ਤਕਨੀਕ ਦੀ ਮਦਦ ਨਾਲ ਆਨਲਾਈਨ ਮੰਡੀਕਰਨ ਦੇ ਕਈ ਸਾਰੇ ਵਿਕਲਪ ਮੁਹੱਈਆ ਹਨ। ਆਨਲਾਈਨ ਮੰਡੀਕਰਨ ਲਈ ਵੈੱਬਸਾਈਟ ਉੱਪਰ ਮਸ਼ਹੂਰੀ, ਸੋਸ਼ਲ ਮੀਡੀਆ ਪਲੇਟਫਾਰਮਾਂ ਦਾ ਇਸਤੇਮਾਲ ਅਤੇ ਬਾਲਗ ਆਦਿ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਸੋਸ਼ਲ ਮੀਡੀਆ ਪਲੇਟਫਾਰਮਾਂ ਜਿਵੇਂ ਕਿ ਫੇਸਬੁੱਕ, ਇੰਸਟਾਗ੍ਰਾਮ, ਯੂ ਟਿਊਬ ਅਤੇ ਵਟਸਐਪ ਆਦਿ ਦਾ ਇਸਤੇਮਾਲ ਖਪਤਕਾਰਾਂ ਨਾਲ ਰਾਬਤਾ ਕਾਇਮ ਕਰਨ, ਉਹਨਾਂ ਦੀਆਂ ਲੋੜਾਂ ਨੂੰ ਸਮਝਣ ਅਤੇ ਅੰਤਿਮ ਖਪਤਕਾਰ ਤੱਕ ਪਹੁੰਚ ਕਰਨ ਲਈ ਕੀਤਾ ਜਾ ਸਕਦਾ ਹੈ। ਪਿਛਲੇ ਕੁਝ ਸਮੇਂ ਵਿਚ ਆਨਲਾਈਨ ਮੰਡੀਕਰਨ ਦੇ ਪਸਾਰ ਵਿਚ ਕਾਫੀ ਤੇਜ਼ੀ ਦੇਖੀ ਗਈ ਹੈ। ਇੰਟਰਨੈੱਟ ਉਪਭੋਗਤਾਵਾਂ ਦੀ ਵਧਦੀ ਸੰਖਿਆ, ਇੰਟਰਨੈੱਟ ਕਨੈਕਟੀਵਿਟੀ ਵਿੱਚ ਬਿਹਤਰੀ ਅਤੇ ਇੰਟਰਨੈੱਟ ਇਸਤੇਮਾਲ ਵਿਚਲੀ ਲਾਗਤ ਦੀ ਕਮੀ ਆਨਲਾਈਨ ਮੰਡੀਕਰਨ ਦੇ ਵਾਧੇ ਵਿਚ ਮਦਦਗਾਰ ਸਾਬਿਤ ਹੋਏ ਹਨ। ਵੈੱਬ 2.0 ਸਦਕਾ ਦੀ ਖਪਤਕਾਰਾਂ ਨਾਲ ਰਾਬਤੇ ਦੇ ਮਿਆਰ ਵਿਚ ਵਾਧਾ ਹੋਇਆ ਹੈ।

**ਆਨਲਾਈਨ ਮੰਡੀਕਰਨ ਦੇ ਫਾਇਦੇ** : ਹਾਲਾਂ ਕਿ ਰਵਾਇਤੀ ਮੰਡੀਕਰਨ ਦੇ ਉਪਰਾਲਿਆਂ ਦੀ ਲੰਬੇ ਸਮੇਂ ਤੱਕ ਅਰਥਭਰਪੂਰ ਰਹਿਣ ਦੇ ਅਨੁਮਾਨ ਹਨ, ਪਰੰਤੂ ਆਨਲਾਈਨ ਮੰਡੀਕਰਨ ਰਵਾਇਤੀ ਮੰਡੀਕਰਨ ਤੋਂ ਕਈ ਤਰ੍ਹਾਂ ਬਿਹਤਰ ਮੰਨਿਆ ਜਾਂਦਾ ਹੈ। ਇਸ ਸਬੰਧ ਵਿਚ ਪ੍ਰਮੁੱਖ ਨੁਕਤੇ ਹੇਠ ਲਿਖੇ ਅਨੁਸਾਰ ਹਨ :

**ਲਾਗਤ** : ਲਾਗਤ ਦੇ ਲਿਹਾਜ ਨਾਲ ਆਨਲਾਈਨ ਮੰਡੀਕਰਨ ਰਵਾਇਤੀ ਮੰਡੀਕਰਨ ਦੇ ਨਿਸਬਤ ਜ਼ਿਆਦਾ ਪ੍ਰਭਾਵੀ ਹੈ। ਬਹੁਤ ਥੋੜ੍ਹੇ ਨਿਵੇਸ਼ ਰਾਹੀਂ ਮੌਜੂਦਾ ਸੰਸਾਧਨਾਂ ਦੇ ਇਸਤੇਮਾਲ ਨਾਲ ਹੀ ਆਨਲਾਈਨ ਮੰਡੀਕਰਨ ਸਫਲਤਾ ਪੂਰਵਕ ਕੀਤਾ ਜਾ ਸਕਦਾ ਹੈ।

**ਪਹੁੰਚ** : ਆਨਲਾਈਨ ਮੰਡੀਕਰਨ ਰਾਹੀਂ ਸਿਰਫ ਘਰੇਲੂ ਸੂਬਿਆਂ ਅਤੇ ਦੇਸ਼ ਪੱਧਰੀ ਪਹੁੰਚ ਹੀ ਨਹੀਂ, ਸਗੋਂ ਅੰਤਰ ਰਾਸ਼ਟਰੀ ਪੱਧਰ ਉੱਪਰ ਵੀ ਪਹੁੰਚ ਕੀਤੀ ਜਾ ਸਕਦੀ ਹੈ। ਜਦ ਕਿ ਰਵਾਇਤੀ ਮੰਡੀਕਰਨ ਉਪਰਾਲਿਆਂ ਦੀ ਪਹੁੰਚ ਲੋਕਲ ਪੱਧਰ ਤੱਕ ਸੀਮਿਤ ਹੁੰਦੀ ਹੈ।

**ਸਪੀਡ** : ਰਵਾਇਤੀ ਮੰਡੀਕਰਨ ਉਪਰਾਲਿਆਂ ਨਾਲ ਸੰਦੇਸ਼ ਦੇ ਸੰਚਾਰ ਵਿਚ ਤੇਜ਼ੀ ਨਾਲ ਮਿਲਦੀ ਅਤੇ ਸੰਦੇਸ਼ ਦੇ ਸੰਚਾਰ ਅਤੇ ਖਪਤਕਾਰ ਤੱਕ ਪਹੁੰਚਾਉਣ ਵਿਚ ਸਮੇਂ ਦਾ ਵਕਫਾ ਹੁੰਦਾ ਹੈ। ਜਦ ਕਿ ਆਨਲਾਈਨ ਸੰਸਾਧਨਾਂ ਰਾਹੀਂ ਹਜ਼ਾਰਾਂ ਕਿਲੋਮੀਟਰਾਂ ਤੱਕ ਸੰਦੇਸ਼ ਦਾ ਸੰਚਾਰ ਕੁਝ ਹੀ ਸਕਿੰਟਾਂ ਵਿਚ ਕੀਤਾ ਜਾ ਸਕਦਾ ਹੈ।

**ਫੀਡਬੈਕ** : ਰਵਾਇਤੀ ਮੰਡੀਕਰਨ ਵਿਚ ਸੰਦੇਸ਼ ਦਾ ਪ੍ਰਵਾਹ ਇਕਤਰਫਾ ਹੁੰਦਾ ਹੈ ਅਤੇ ਖਪਤਕਾਰ ਆਪਣੀ ਗੱਲ ਉਤਪਾਦਕ ਤੱਕ ਨਹੀਂ ਪਹੁੰਚਾ ਸਕਦੇ। ਪਰੰਤੂ ਵੈੱਬ 2.0 ਸਦਕਾ ਆਨਲਾਈਨ ਮੰਡੀਕਰਨ ਵਿਚ ਸੰਚਾਰ ਦੋਤਰਫਾ ਹੁੰਦਾ ਹੈ ਅਤੇ ਖਪਤਕਾਰਾਂ ਦੀ ਆਵਾਜ਼ ਵੀ ਉਤਪਾਦਕਾਂ ਪਹੁੰਚ ਸਕਦੀ ਹੈ। ਖਪਤਕਾਰਾਂ ਵੱਲੋਂ ਦਿੱਤੀ ਗਈ ਫੀਡਬੈਕ ਖੇਤੀ ਉਤਪਾਦਕਾਂ ਨੂੰ ਬਿਹਤਰ ਕਰਨ ਵਿਚ ਸਹਾਈ ਹੁੰਦੀ ਹੈ।

ਬਾਕੀ ਸਫਾ 6 ਦੀ

## ਕੰਪਿਊਟਰ ਵਿਜ਼ਨ ਸਿੰਡਰੋਮ ਜਾਂ ਡਿਜੀਟਲ ਆਈ ਸਟ੍ਰੇਨ

ਆਰਾਮ ਬਰੇਕਾਂ ਦੀ ਵਰਤੋਂ ਸ਼ਾਮਲ ਹੈ।

★ **ਕੰਪਿਊਟਰ ਸਕਰੀਨ ਦਾ ਟਿਕਾਣਾ** : ਜਦੋਂ ਅੱਖਾਂ ਹੇਠਾਂ ਦੇਖ ਰਹੀਆਂ ਹੋਣ ਤਾਂ ਜ਼ਿਆਦਾਤਰ ਲੋਕਾਂ ਨੂੰ ਕੰਪਿਊਟਰ ਨੂੰ ਦੇਖਣਾ ਵਧੇਰੇ ਆਰਾਮਦਾਇਕ ਲੱਗਦਾ ਹੈ। ਸਰਵੋਤਮ ਤੌਰ 'ਤੇ, ਕੰਪਿਊਟਰ ਸਕਰੀਨ ਅੱਖ ਦੇ ਪੱਧਰ ਤੋਂ 15 ਤੋਂ 20 ਡਿਗਰੀ ਹੇਠਾਂ (ਲਗਭਗ 4 ਜਾਂ 5 ਇੰਚ) ਹੋਣੀ ਚਾਹੀਦੀ ਹੈ ਜਿਵੇਂ ਕਿ ਸਕ੍ਰੀਨ ਦੇ ਕੇਂਦਰ ਤੋਂ ਮਾਪੀ ਜਾਂਦੀ ਹੈ ਅਤੇ ਅੱਖਾਂ ਤੋਂ 20 ਤੋਂ 28 ਇੰਚ ਹੁੰਦੀ ਹੈ।

★ **ਹਵਾਲਾ ਸਮੱਗਰੀ** : ਇਹ ਸਮੱਗਰੀ ਕੀਬੋਰਡ ਦੇ ਉੱਪਰ ਅਤੇ ਮਾਨੀਟਰ ਦੇ ਹੇਠਾਂ ਸਥਿਤੀ ਹੋਣੀ ਚਾਹੀਦੀ ਹੈ। ਜੇਕਰ ਇਹ ਸੰਭਵ ਨਹੀਂ ਹੈ, ਤਾਂ ਮਾਨੀਟਰ ਦੇ ਕੋਲ ਇਕ ਦਸਤਾਵੇਜ਼ ਧਾਰਕ ਦੀ ਵਰਤੋਂ ਕੀਤੀ ਜਾ ਸਕਦੀ ਹੈ। ਟੀਚਾ ਦਸਤਾਵੇਜ਼ਾਂ ਨੂੰ ਸਥਿਤੀ ਵਿਚ ਰੱਖਣਾ ਹੈ, ਇਸ ਲਈ ਸਿਰ ਨੂੰ ਦਸਤਾਵੇਜ਼ ਤੋਂ ਸਕ੍ਰੀਨ 'ਤੇ ਮੁੜ ਸਥਾਪਿਤ ਕਰਨ ਦੀ ਲੋੜ ਨਹੀਂ ਹੈ।

★ **ਰੌਸ਼ਨੀ** : ਚਮਕ ਤੋਂ ਬਚਣ ਲਈ ਕੰਪਿਊਟਰ ਸਕਰੀਨ ਦੀ ਸਥਿਤੀ ਰੱਖੋ, ਖਾਸ ਕਰਕੇ ਓਵਰਹੈੱਡ ਲਾਈਟਿੰਗ ਜਾਂ ਵਿੰਡੋਜ਼ ਤੋਂ। ਵਿੰਡੋਜ਼ 'ਤੇ ਬਲਾਇੰਡਸ ਜਾਂ ਡਰੈਪ ਦੀ ਵਰਤੋਂ ਕਰੋ ਅਤੇ ਡੈਸਕ ਲੈਂਪਾਂ ਵਿਚ ਰੌਸ਼ਨੀ ਦੇ ਬਲਬਾਂ ਨੂੰ ਘੱਟ ਵਾਟ ਦੇ ਬਲਬਾਂ ਨਾਲ ਬਦਲੋ।

★ **ਐਂਟੀ-ਗਲੇਅਰ ਸਕ੍ਰੀਨਾਂ** : ਜੇਕਰ ਰੌਸ਼ਨੀ ਸਰੋਤਾਂ ਚਮਕ ਨੂੰ ਘੱਟ ਕਰਨ ਦਾ ਕੋਈ ਤਰੀਕਾ ਨਹੀਂ ਹੈ, ਤਾਂ ਸਕ੍ਰੀਨਾਂ ਦੀ ਚਮਕ ਫਿਲਟਰ ਦੀ ਵਰਤੋਂ ਕਰਨ 'ਤੇ ਵਿਚਾਰ ਕਰੋ। ਇਹ ਫਿਲਟਰ ਸਕ੍ਰੀਨਾਂ ਤੋਂ ਪ੍ਰਤੀ ਬਿੰਬਿਤ ਰੌਸ਼ਨੀ ਦੀ ਮਾਤਰਾ ਨੂੰ ਘਟਾਉਂਦੇ ਹਨ।

★ **ਬੈਠਣ ਦੀ ਸਥਿਤੀ** : ਕੁਰਸੀਆਂ ਆਰਾਮ ਨਾਲ ਪੈਡ ਹੋਣੀਆਂ ਚਾਹੀਦੀਆਂ ਹਨ ਅਤੇ ਸਰੀਰ ਦੇ ਅਨੁਕੂਲ ਹੋਣੀਆਂ ਚਾਹੀਦੀਆਂ ਹਨ। ਕੁਰਸੀ ਦੀ ਉੱਚਾਈ ਨੂੰ ਐਡਜਸਟ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਪੈਰ ਫਰਸ਼ 'ਤੇ ਸਮਤਲ ਹੋਣ। ਟਾਈਪਿੰਗ ਦੌਰਾਨ ਸਹਾਇਤਾ ਪ੍ਰਦਾਨ ਕਰਨ ਲਈ ਹੱਥਾਂ ਨੂੰ ਐਡਜਸਟ ਕੀਤਾ ਜਾਣਾ ਚਾਹੀਦਾ ਹੈ ਅਤੇ ਟਾਈਪ ਕਰਨ ਵੇਲੇ ਗੁੱਟਾਂ ਨੂੰ ਕੀਬੋਰਡ 'ਤੇ ਆਰਾਮ ਨਹੀਂ ਕਰਨਾ ਚਾਹੀਦਾ ਹੈ।

★ **ਆਰਾਮ ਦੀ ਛੁੱਟੀ** : ਅੱਖਾਂ ਦੇ ਖਿਚਾਅ ਨੂੰ ਰੋਕਣ ਲਈ, ਲੰਬੇ ਸਮੇਂ ਲਈ ਅੱਖਾਂ ਨੂੰ ਆਰਾਮ ਕਰਨ ਦੀ ਕੋਸ਼ਿਸ਼ ਕਰੋ। ਦੋ ਘੰਟੇ ਲਗਾਤਾਰ ਕੰਪਿਊਟਰ ਦੀ ਵਰਤੋਂ ਕਰਨ ਤੋਂ ਬਾਅਦ ਅੱਖਾਂ ਨੂੰ 15 ਮਿੰਟ ਤੱਕ ਆਰਾਮ ਦਿਓ। ਨਾਲ ਹੀ, ਕੰਪਿਊਟਰ ਦੇਖਣ ਦੇ ਹਰ 20 ਮਿੰਟ ਲਈ, ਅੱਖਾਂ ਨੂੰ ਮੁੜ ਫੋਕਸ ਕਰਨ ਦਾ ਮੌਕਾ ਦੇਣ ਲਈ 20 ਸਕਿੰਟਾਂ ਲਈ ਦੂਰੀ ਵੱਲ ਦੇਖੋ।

★ **ਅੱਖਾਂ ਨੂੰ ਝਪਕਣਾ** : ਕੰਪਿਊਟਰ ਦੀ ਵਰਤੋਂ ਕਰਦੇ ਸਮੇਂ ਖੁਸ਼ਕ ਅੱਖਾਂ ਦੇ ਵਿਕਾਸ ਦੀ ਸੰਭਾਵਨਾ ਨੂੰ ਘੱਟ ਕਰਨ ਲਈ, ਅਕਸਰ ਝਪਕਣ ਦੀ ਕੋਸ਼ਿਸ਼ ਕਰੋ। ਅੱਖਾਂ ਦੇ ਝਪਕਣ ਨਾਲ ਅੱਖ, ਅੱਖਾਂ ਦੀ ਅਗਲੀ ਸਤ੍ਹਾ ਨੂੰ ਨਮੀ ਰੱਖਦਾ ਹੈ।

★ ਨਿਯਮਤ ਅੱਖਾਂ ਦੀ ਜਾਂਚ ਅਤੇ ਸਹੀ ਦੇਖਣ ਦੀਆਂ ਆਦਤਾਂ CVS ਨਾਲ ਜੁੜੇ ਲੱਛਣਾਂ ਦੇ ਵਿਕਾਸ ਨੂੰ ਰੋਕਣ ਜਾਂ ਘਟਾਉਣ ਵਿਚ ਮਦਦ ਕਰ ਸਕਦੀਆਂ ਹਨ।

ਬਾਕੀ ਸਫਾ 7 ਦੀ

## ਝੋਨੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਬਿਜਾਈ ਅਤੇ ਵਿਉਂਤਬੰਦੀ

ਸਮੇਂ ਤੇ ਕਰੋ।

★ ਬੂਟਿਆਂ ਦਾ ਮਧਰਾ ਰਹਿ ਜਾਣਾ ਝੋਨੇ ਦਾ ਇਕ ਨਵਾਂ ਵਿਸ਼ਾਣੂੰ ਰੋਗ ਹੈ ਜੋ ਕਿ 'ਸਦਰਨ ਰਾਈਸ ਬਲੈਕ ਸਟਰੀਕਡ ਡਵਾਰਫ ਵਾਇਰਸ' ਨਾਲ ਹੁੰਦਾ ਹੈ। ਪਨੀਰੀ ਦੀ ਬਿਜਾਈ ਤੋਂ ਹੀ ਇਸ ਰੋਗ ਨੂੰ ਫੈਲਾਉਣ ਵਾਲੇ ਕੀੜੇ (ਚਿੱਟੀ ਪਿੱਠ ਵਾਲੇ ਟਿੱਡੇ) ਦੀ ਸੁਚੱਜੀ ਰੋਕਥਾਮ ਲਈ ਝੋਨੇ ਦੀ ਫਸਲ ਦਾ ਸਮੇਂ-ਸਮੇਂ ਸਿਰ ਨਿਰੀਖਣ ਕਰਦੇ ਰਹੋ। ਟਿੱਡੇ ਦੀ ਆਮਦ ਵੇਖਣ ਲਈ ਰਾਤ ਨੂੰ ਪਨੀਰੀ/ਖੇਤ ਨੇੜੇ ਬਲਬ ਜਗਾ ਕੇ ਰੱਖੋ ਕਿਉਂਕਿ ਇਹ ਕੀੜਾ ਰੌਸ਼ਨੀ ਵੱਲ ਆਕਰਸ਼ਿਤ ਹੁੰਦਾ ਹੈ।

★ ਜੇਕਰ ਟਿੱਡੇ ਦੀ ਆਮਦ ਨਜ਼ਰ ਆਉਂਦੀ ਹੈ ਤਾਂ ਕੋਈ ਵੀ ਕੀਟਨਾਸ਼ਕ ਜਿਵੇਂ ਕਿ 60 ਗ੍ਰਾਮ ਉਲਾਲਾ 50 ਡਬਲਯੂ ਜੀ (ਫਲੋਨੀਕੈਮਿਡ), 94 ਮਿਲੀਲਿਟਰ ਪੈਕਸਾਲੋਨ 10 ਐਸ ਸੀ (ਟਰਾਈਫਲੂਮੀਜ਼ੋਪਾਇਰਮ) ਜਾਂ 80 ਗ੍ਰਾਮ ਓਸ਼ੀਨ/ਟੋਕਨ/ਡੋਮਿਨੇਟ 20 ਐਸ ਜੀ (ਡਾਇਨੋਟੈਫੂਰਾਨ) ਜਾਂ 120 ਗ੍ਰਾਮ ਚੈੱਸ 50 ਡਬਲਯੂ ਜੀ (ਪਾਈਮੈਟਰੋਜ਼ਿਨ) ਜਾਂ 400 ਮਿਲੀਲਿਟਰ ਆਰਕੈਸਟਰਾਂ 10 ਐਸ ਸੀ (ਬੈਂਜ਼ਪਾਇਰੀਮੋਕਸਾਨ) ਜਾਂ 300 ਮਿਲੀਲਿਟਰ ਇਮੇਜਿਨ 10 ਐਸ ਸੀ (ਫਲੂਪਾਇਰੀਮਿਨ) ਜਾਂ 80 ਮਿਲੀਲੀਟਰ ਨਿੰਮ ਅਧਾਰਿਤ ਇਕੋਟਿਨ (ਅਜੈਡੀਰੈਕਟਿਨ 5%) ਜਾਂ 4 ਲਿਟਰ ਪੀ ਏ ਯੂ ਨਿੰਮ ਦੇ ਘੋਲ ਪ੍ਰਤੀ ਏਕੜ ਦੇ ਹਿਸਾਬ 100 ਲਿਟਰ ਪਾਣੀ ਵਿਚ ਘੋਲ ਕੇ ਬੂਟਿਆਂ ਦੇ ਮੁੱਢਾਂ ਤੇ ਛਿੜਕਾਉ ਕਰੋ। ਸੁਚੱਜੀ ਰੋਕਥਾਮ ਲਈ ਪਿੱਠੂ ਪੰਪ ਅਤੇ ਗੋਲ ਨੋਜ਼ਲ ਦਾ ਇਸਤੇਮਾਲ ਕਰੋ।



★ ਪਨੀਰੀ ਦੀ ਅਗੇਤੀ ਬਿਜਾਈ (25 ਮਈ ਤੋਂ ਪਹਿਲਾਂ) ਅਤੇ ਅਗੇਤੀ ਲੁਆਈ (25 ਜੂਨ ਤੋਂ ਪਹਿਲਾਂ) ਤੋਂ ਪਰਹੇਜ਼ ਕਰੋ। ਸਰਵੇਖਣ ਅਨੁਸਾਰ, ਜਿੱਥੇ ਝੋਨੇ ਦੀ ਪਨੀਰੀ ਦੀ ਲੁਆਈ ਲੇਟ ਹੋਈ, ਉਹਨਾਂ ਖੇਤਾਂ ਵਿਚ ਇਹ ਵਿਸ਼ਾਣੂ ਰੋਗ ਬਹੁਤ ਘੱਟ ਵੇਖਣ ਨੂੰ ਮਿਲਿਆ।

# ਫਲਦਾਰ ਬੂਟਿਆਂ ਲਈ ਪਾਣੀ ਦਾ ਸੁਚੱਜਾ ਪ੍ਰਬੰਧ

**ਬਾਗਾਂ ਨੂੰ ਪਾਣੀ ਲਗਾਉਣ ਸਮੇਂ ਮੌਸਮ, ਸਿੰਚਾਈ ਦੇ ਸਮੇਂ ਅਤੇ ਤਰੀਕਿਆਂ ਦਾ ਧਿਆਨ ਰੱਖਣਾ ਬੇਹੱਦ ਲਾਜ਼ਮੀ ਹੈ। ਇਸ ਨਾਲ ਜਿੱਥੇ ਪਾਣੀ ਦੀ ਸੁਚੱਜੀ ਵਰਤੋਂ ਹੋਵੇਗੀ, ਉੱਥੇ ਫਲਾਂ ਦਾ ਮਿਆਰੀ ਉਤਪਾਦਨ ਲਿਆ ਜਾ ਸਕਦਾ ਹੈ...**

ਗੁਰਤੇਗ ਸਿੰਘ, ਐੱਚ ਐੱਸ ਰਤਨਪਾਲ

ਫਲਦਾਰ ਬੂਟਿਆਂ ਤੋਂ ਵਧੀਆ ਅਤੇ ਨਿਰੰਤਰ ਝਾੜ ਲੈਣ ਲਈ ਪਾਣੀ ਦਾ ਸੁਚੱਜਾ ਪ੍ਰਬੰਧ ਬਹੁਤ ਜ਼ਰੂਰੀ ਹੈ। ਮਨੁੱਖੀ ਜੀਵਨ ਵਾਂਗ ਬੂਟਿਆਂ 'ਚ ਪਾਣੀ ਦੀ ਅਹਿਮ ਭੂਮਿਕਾ ਹੈ। ਬੂਟੇ ਪਾਣੀ ਦੁਆਰਾ ਹੀ ਮਿੱਟੀ 'ਚੋਂ ਖੁਰਾਕੀ ਤੱਤ ਲੈ ਕੇ ਆਪਣਾ ਜੀਵਨ-ਕਾਲ ਪੂਰਾ ਕਰਦੇ ਹਨ। ਫਲਦਾਰ ਬੂਟਿਆਂ ਲਈ ਪਾਣੀ ਦੀ ਸੁਚੱਜੀ ਵਰਤੋਂ ਕਰ ਕੇ ਜਿੱਥੇ ਚੰਗਾ ਮੁਨਾਫਾ ਕਮਾ ਸਕਦੇ ਹਾਂ ਉੱਥੇ ਕੁਦਰਤੀ ਸੋਮਿਆਂ ਦੀ ਸੰਭਾਲ ਵੀ ਕਰ ਸਕਦੇ ਹਾਂ। ਬਾਗਾਂ ਨੂੰ ਪਾਣੀ ਲਗਾ ਦੇਣਾ ਹੀ ਕਾਫੀ ਨਹੀਂ, ਸਗੋਂ ਸਿੰਚਾਈ ਦੀ ਲੋੜ, ਸਮਾਂ ਅਤੇ ਤਰੀਕਿਆਂ ਬਾਰੇ ਜਾਣਕਾਰੀ ਹੋਣਾ ਬੇਹੱਦ ਜ਼ਰੂਰੀ ਹੈ।

**ਨਿੰਬੂ ਜਾਤੀ ਦੇ ਬੂਟੇ** : ਛੋਟੇ ਬੂਟਿਆਂ ਨੂੰ ਤਿੰਨ-ਚਾਰ ਸਾਲਾਂ ਤੱਕ ਹਰ ਹਫਤੇ ਅਤੇ ਪੁਰਾਣੇ ਬੂਟਿਆਂ ਨੂੰ ਦੋ-ਤਿੰਨ ਹਫਤਿਆਂ ਪਿੱਛੋਂ ਮੌਸਮ, ਬਰਸਾਤ ਅਤੇ ਮਿੱਟੀ ਦੀ ਕਿਸਮ ਅਨੁਸਾਰ ਪਾਣੀ ਦੇਣਾ ਚਾਹੀਦਾ ਹੈ। ਫਰਵਰੀ ਵਿੱਚ ਕਰੂੰਬਲਾਂ ਫੁੱਟਣ ਤੋਂ ਪਹਿਲਾਂ, ਅਪ੍ਰੈਲ ਵਿੱਚ ਫਲ ਲੱਗਣ ਤੋਂ ਬਾਅਦ ਅਤੇ ਗਰਮੀ ਦੇ ਮੌਸਮ ਵਿੱਚ ਸਿੰਚਾਈ ਕਰਨੀ ਬਹੁਤ ਜ਼ਰੂਰੀ ਹੈ। ਗਰਮੀ ਕਾਰਨ ਫੁੱਲ ਅਤੇ ਫਲ ਝੜਨ ਦਾ ਖਤਰਾ ਵੱਧ ਜਾਂਦਾ ਹੈ। ਕਿੰਨੂ ਦੇ ਬਾਗਾਂ 'ਚ ਤੁਪਕਾ ਸਿੰਚਾਈ ਤਕਨੀਕ ਰਾਹੀਂ ਪਾਣੀ ਦੀ ਸੁਚੱਜੀ ਵਿਉਂਤਬੰਦੀ ਕਰ ਕੇ ਫਲ ਦੀ ਗੁਣਵੱਤਾ ਅਤੇ ਝਾੜ ਵਧਾਇਆ ਜਾ ਸਕਦਾ ਹੈ। ਅਲੱਗ-ਅਲੱਗ ਮਹੀਨਿਆਂ ਵਿੱਚ ਬੂਟੇ ਦੀ ਉਮਰ ਅਨੁਸਾਰ ਪਾਣੀ ਦੀ ਜ਼ਰੂਰਤ ਹੁੰਦੀ ਹੈ। ਡਿੱਗੀ ਵਿੱਚੋਂ ਨਹਿਰੀ ਪਾਣੀ ਚੁੱਕਣ ਵਾਸਤੇ 2 ਹਾਰਸ ਪਾਵਰ ਦਾ ਬੂਸਟਰ ਪੰਪ, ਜੋ ਸੂਰਜੀ ਬਿਜਲੀ ਨਾਲ ਚੱਲਦਾ ਹੋਵੇ, 10 ਏਕੜ ਕਿੰਨੂ ਦੇ ਬਾਗ ਵਾਸਤੇ ਲਾਹੇਵੰਦ ਹੈ। ਪਰ 15 ਅਤੇ 25 ਏਕੜ ਦੇ ਬਗੀਚੇ ਵਾਸਤੇ ਕ੍ਰਮਵਾਰ 3 ਅਤੇ 5 ਹਾਰਸ ਪਾਵਰ ਦੀ ਮੋਟਰ ਨਾਲ ਬੂਸਟਰ ਪੰਪ ਦੀ ਲੋੜ ਹੈ। ਸ਼ੁਰੂ ਵਿੱਚ ਪ੍ਰਤੀ ਬੂਟਾ 1-2 ਡ੍ਰਿਪਰਜ਼ ਦੀ ਲੋੜ ਹੁੰਦੀ ਹੈ, ਜੋ ਬਾਅਦ ਵਿੱਚ ਮਿੱਟੀ ਅਤੇ ਬੂਟੇ ਦੀ ਉਮਰ ਅਨੁਸਾਰ 4-5 ਤੱਕ ਵਧਾਏ ਜਾ ਸਕਦੇ ਹਨ। ਪਾਣੀ ਦੇ ਸਹੀ ਵਰਤੋਂ ਵਾਸਤੇ ਹਰ ਬੂਟੇ ਦੇ ਦੁਆਲੇ ਡ੍ਰਿਪਰਾਂ ਦਾ ਪ੍ਰਯੋਗ ਇੱਕ ਚੱਕਰ (ਲੂਪ) ਵਿੱਚ ਕਰਨਾ ਲਾਹੇਵੰਦ ਹੁੰਦਾ ਹੈ।

**ਅਮਰੂਦ** : ਨਵੇਂ ਬਾਗਾਂ ਨੂੰ ਗਰਮੀਆਂ ਵਿੱਚ ਹਫਤੇ ਪਿੱਛੋਂ ਅਤੇ ਸਰਦੀਆਂ 'ਚ ਦੋ-ਤਿੰਨ ਪਾਣੀਆਂ ਦੀ ਜ਼ਰੂਰਤ ਪੈਂਦੀ ਹੈ। ਫਲ ਦਿੰਦੇ ਬੂਟਿਆਂ ਨੂੰ ਚੰਗਾ ਫੁੱਲ ਪੈਣ ਅਤੇ ਫਲ ਲੱਗਣ ਵੇਲੇ ਗਰਮੀਆਂ ਵਿੱਚ 15 ਦਿਨਾਂ ਬਾਅਦ ਅਤੇ ਸਰਦੀਆਂ 'ਚ ਇੱਕ ਮਹੀਨੇ ਦੇ ਵਕਫੇ ਨਾਲ ਪਾਣੀ ਦੇਣਾ ਚਾਹੀਦਾ ਹੈ। ਫੁੱਲ ਪੈਣ ਤੇ ਭਰਵੀਂ ਸਿੰਚਾਈ ਨਹੀਂ ਕਰਨੀ ਚਾਹੀਦੀ, ਕਿਉਕਿ ਇਸ ਨਾਲ ਫੁੱਲ ਝੜ ਜਾਂਦੇ ਹਨ।

**ਲੀਚੀ** : ਲੀਚੀ ਦੇ ਛੋਟੇ ਬੂਟਿਆਂ ਨੂੰ ਅਪ੍ਰੈਲ ਤੋਂ ਜੂਨ ਤੱਕ ਹਫਤੇ ਵਿੱਚ ਦੋ ਪਾਣੀਆਂ ਦੀ ਲੋੜ ਪੈਂਦੀ ਹੈ। ਸਰਦੀਆਂ 'ਚ ਇੱਕ ਪਾਣੀ ਹੀ ਕਾਫੀ ਹੈ। ਫਲ ਦਿੰਦੇ ਬੂਟਿਆਂ ਨੂੰ ਮਈ ਤੋਂ ਜੂਨ ਦੇ ਅਖੀਰ ਤੱਕ ਪਾਣੀ ਦੀ ਖਾਸ ਲੋੜ ਹੁੰਦੀ ਹੈ। ਇਨ੍ਹਾਂ ਨੂੰ ਹਫਤੇ 'ਚ ਦੋ ਵਾਰ ਪਾਣੀ ਦੇਣ ਨਾਲ ਫਲ ਚੰਗੀ ਤਰ੍ਹਾਂ ਵਧਦੇ ਹਨ ਅਤੇ ਫਟਣ ਦੀ ਸਮੱਸਿਆ ਘਟ ਜਾਂਦੀ ਹੈ। ਬਰਸਾਤਾਂ ਵਿੱਚ ਮੌਸਮ ਅਤੇ ਜ਼ਮੀਨ ਦੀ ਨਮੀਂ ਅਨੁਸਾਰ ਬੂਟਿਆਂ ਨੂੰ ਪਾਣੀ ਦੇਣਾ ਚਾਹੀਦਾ ਹੈ। ਨਵੰਬਰ-ਦਸੰਬਰ ਵਿੱਚ ਬਾਗਾਂ ਨੂੰ ਕੋਰ੍ਹੇ ਤੋਂ ਬਚਾਉਣ ਲਈ ਭਰਵਾਂ ਪਾਣੀ ਲਗਾਉਣਾ ਚਾਹੀਦਾ ਹੈ।



**ਆੜੂ** : ਫਲ ਪੱਕਣ ਤੋਂ ਮਹੀਨਾ ਪਹਿਲਾਂ ਦਾ ਸਮਾਂ ਸਿੰਚਾਈ ਦਾ ਸਭ ਤੋਂ ਨਾਜ਼ੁਕ ਸਮਾਂ ਹੁੰਦਾ ਹੈ। ਫਲ ਦੇ ਵਾਧੇ ਸਮੇਂ ਬੂਟਿਆਂ ਨੂੰ ਸਿੰਚਾਈ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ। ਫਲ ਪੈਣ ਮਗਰੋਂ ਪੱਕਣ ਤੱਕ ਤਿੰਨ-ਚਾਰ ਦੇ ਵਕਫੇ 'ਤੇ ਸਿੰਚਾਈ ਕਰਨੀ ਚਾਹੀਦੀ ਹੈ। ਕਿਸਮ ਅਨੁਸਾਰ ਅਪ੍ਰੈਲ ਦੇ ਅਖੀਰ ਤੋਂ ਲੈ ਕੇ ਜੁਲਾਈ ਦੇ ਸ਼ੁਰੂ ਤੱਕ ਸਿੰਚਾਈ ਦੀ ਵਧੇਰੇ ਲੋੜ ਪੈਂਦੀ ਹੈ। ਅਗੇਤੀਆਂ ਪੱਕਣ ਵਾਲੀਆਂ ਕਿਸਮਾਂ, ਜਿਵੇਂ ਪ੍ਰਤਾਪ ਅਤੇ ਫਲੋਰਿਡਾਪ੍ਰਿੰਸ ਨੂੰ ਮਾਰਚ ਅਖੀਰ ਤੋਂ ਅਪ੍ਰੈਲ ਦੇ ਤੀਜੇ ਹਫਤੇ ਵਿੱਚ ਸਿੰਚਾਈ ਦੀ ਵਧੇਰੇ ਲੋੜ ਪੈਂਦੀ ਹੈ। ਸ਼ਾਨ-ਏ-ਪੰਜਾਬ ਅਤੇ ਅਰਲੀ-ਗਰੈਂਡ ਨੂੰ ਅਪ੍ਰੈਲ ਅੱਧ ਤੋਂ ਮਈ ਦੇ ਪਹਿਲੇ ਹਫਤੇ ਵਿੱਚ ਖੁਰਮਾਨੀ ਅਤੇ ਸ਼ਰਬਤੀ ਨੂੰ ਮਈ ਤੋਂ ਜੂਨ-ਅੰਤ ਤੱਕ ਪਾਣੀ ਦੀ ਵਧੇਰੇ ਲੋੜ ਪੈਂਦੀ ਹੈ। ਜਨਵਰੀ ਵਿੱਚ ਕਾਂਟ-ਛਾਂਟ ਤੋਂ ਬਾਅਦ ਖਾਦਾਂ ਪਾ ਕੇ ਸਿੰਚਾਈ ਕਰਨੀ ਚਾਹੀਦੀ ਹੈ।

**ਅੰਬ** : ਛੋਟੇ ਬੂਟਿਆਂ ਨੂੰ ਖੁਸ਼ਕ ਅਤੇ ਗਰਮੀ ਵਾਲੇ ਮੌਸਮ 'ਚ ਜ਼ਿਆਦਾ ਪਾਣੀ ਦੀ ਲੋੜ ਹੁੰਦੀ ਹੈ, ਪਰ ਵੱਡੇ ਬੂਟੇ, ਜਿਨ੍ਹਾਂ ਦੀਆਂ ਜੜ੍ਹਾਂ ਡੂੰਘੀਆਂ ਹੁੰਦੀਆਂ ਹਨ, ਉਨ੍ਹਾਂ ਨੂੰ ਆਮ ਤੌਰ 'ਤੇ ਫਲ ਦੇ ਵਾਧੇ ਸਮੇਂ ਮਾਰਚ ਤੋਂ ਜੂਨ ਦੇ ਅਖੀਰ ਤੱਕ 10-12 ਦਿਨਾਂ ਬਾਅਦ ਪਾਣੀ ਵਾਸ਼ਪੀਕਰਣ ਦੇ ਅਨੁਸਾਰ ਦਿਉ। ਜੁਲਾਈ ਤੋਂ ਸਤੰਬਰ ਤੱਕ ਬਰਸਾਤ ਰੁੱਤ ਵਿੱਚ ਪਾਣੀ ਮੌਸਮ ਦੇ ਹਿਸਾਬ ਨਾਲ ਦਿਉ। ਅਕਤੂਬਰ ਤੋਂ ਦਸੰਬਰ ਤੱਕ ਪਾਣੀ ਦੀ ਲੋੜ ਨਹੀਂ ਪੈਂਦੀ ਪਰ ਕੋਰ੍ਹੇ ਤੋਂ ਬਚਾਅ ਲਈ ਇੱਕ ਭਰਵਾਂ ਪਾਣੀ ਅਖੀਰ-ਦਸੰਬਰ ਜਾਂ ਜਨਵਰੀ ਵਿੱਚ ਲਗਾ ਦੇਣਾ ਚਾਹੀਦਾ ਹੈ। ਖਾਦਾਂ ਪਾਉਣ ਸਮੇਂ ਫਰਵਰੀ ਵਿੱਚ ਬੂਟਿਆਂ ਨੂੰ ਇੱਕ ਪਾਣੀ ਜ਼ਰੂਰ ਦੇਣਾ ਚਾਹੀਦਾ ਹੈ।

**ਬੇਰ** : ਫਲਾਂ ਦੇ ਵਾਧੇ ਸਮੇਂ ਅਕਤੂਬਰ ਤੋਂ ਫਰਵਰੀ ਤੱਕ ਤਿੰਨ-ਚਾਰ ਹਫਤਿਆਂ ਦੇ ਵਕਫੇ ਤੇ ਸਿੰਚਾਈ ਕਰਨੀ ਚਾਹੀਦੀ ਹੈ। ਇਸ ਨਾਲ ਫਲਾਂ ਦਾ ਕਿਰਨਾਂ ਘੱਟ ਜਾਂਦਾ ਹੈ ਅਤੇ ਫਲਾਂ ਦੇ ਆਕਾਰ ਅਤੇ ਗੁਣਾਂ 'ਚ ਸੁਧਾਰ ਹੁੰਦਾ ਹੈ। ਮਾਰਚ ਦੇ ਦੂਜੇ ਪੰਦਰਵਾੜੇ ਸਮੇਂ ਪਾਣੀ ਦੇਣਾ ਬੰਦ ਕਰ ਦੇਣਾ ਚਾਹੀਦਾ ਹੈ ਤਾਂ ਜੋ ਜ਼ਮੀਨ ਤੇ ਵਿਛੀਆਂ ਟਹਿਣੀਆਂ ਦਾ ਫਲ ਖਰਾਬ ਨਾ ਹੋਵੇ ਤੇ ਫਲ ਦੇ ਪੱਕਣ 'ਚ ਦੇਰੀ ਨਾ ਹੋਵੇ।

**ਅਲੂਚਾ** : ਅਲੂਚਾ ਦੇ ਛੋਟੇ ਬੂਟਿਆਂ ਨੂੰ ਅਪ੍ਰੈਲ ਤੋਂ ਜੂਨ ਤੱਕ ਹਰ ਤਿੰਨ-ਚਾਰ ਦਿਨਾਂ ਮਗਰੋਂ ਅਤੇ ਫਲ ਲੱਗਣ ਵਾਲੇ ਵੱਡੇ ਬੂਟਿਆਂ ਨੂੰ ਹਫਤੇ ਮਗਰੋਂ ਸਿੰਚਾਈ ਕਰਨੀ ਚਾਹੀਦੀ ਹੈ। ਬਰਸਾਤ ਨਾ ਹੋਣ 'ਤੇ ਸਤੰਬਰ-ਅਕਤੂਬਰ ਵਿੱਚ ਤਿੰਨ-ਚਾਰ ਹਲਕੀਆਂ ਸਿੰਚਾਈਆਂ ਕਰੋ। ਨਵੰਬਰ ਵਿੱਚ ਜ਼ਮੀਨ ਦੀ ਕਿਸਮ ਅਨੁਸਾਰ ਦੋ-ਤਿੰਨ ਵਾਰ ਹਲਕੀ ਸਿੰਚਾਈ ਕਰੋ। ਦਸੰਬਰ ਵਿੱਚ ਬੂਟਿਆਂ ਨੂੰ ਪਾਣੀ ਦੀ ਲੋੜ ਨਹੀਂ ਪੈਂਦੀ ਕਿਉਕਿ ਬੂਟੇ ਪੱਤੇ ਝਾੜ ਕੇ ਨੀਂਦਰ ਅਵਸਥਾ 'ਚ ਹੁੰਦੇ ਹਨ। ਜਨਵਰੀ ਵਿੱਚ ਕਾਂਟ-ਛਾਂਟ ਮਗਰੋ ਖਾਦਾਂ ਪਾ ਕੇ ਭਰਵੀਂ ਸਿੰਚਾਈ ਕਰੋ। ਫਰਵਰੀ ਵਿੱਚ ਫੁੱਲ ਪੈਣ 'ਤੇ ਸਿੰਚਾਈ ਨਾ ਕਰੋ, ਇਸ ਨਾਲ ਫੁੱਲ ਝੜਦੇ ਹਨ। ਫਲ ਲੱਗਣ ਤੋਂ ਲੈ ਕੇ ਪੱਕਣ ਤੱਕ ਚਾਰ-ਪੰਜ ਦਿਨਾਂ ਬਾਅਦ ਸਿੰਚਾਈ ਕਰਦੇ ਰਹੋ।

**ਕੇਲਾ** : ਕੇਲੇ ਦੇ ਬਾਗ ਨੂੰ ਪਾਣੀ ਦੀ ਬਹੁਤ ਲੋੜ ਪੈਂਦੀ ਹੈ। ਪਾਣੀ ਦੀ ਕਮੀਂ ਕਾਰਨ ਬੂਟੇ ਦਾ ਹਰਾਪਣ, ਫਲ ਦਾ ਆਕਾਰ ਅਤੇ ਗੁਣਵੱਤਾ ਘਟਦੀ ਹੈ। ਲੋੜ ਤੋਂ ਵੱਧ ਪਾਣੀ ਨਾਲ ਬੂਟਾ ਜੜ੍ਹੋਂ ਟੁੱਟ ਜਾਂਦਾ ਹੈ। ਬੂਟੇ ਲਗਾਉਣ ਤੋਂ ਬਾਅਦ ਮਾਰਚ-ਅਪ੍ਰੈਲ ਵਿੱਚ ਇੱਕ ਹਫਤੇ ਦੇ ਵਕਫੇ 'ਤੇ ਅਤੇ ਮਈ-ਜੂਨ ਵਿੱਚ ਚਾਰ ਤੋਂ ਛੇ ਦਿਨਾਂ ਦੇ ਫਰਕ 'ਤੇ ਪਾਣੀ ਦੇਵੋ। ਜੁਲਾਈ ਤੋਂ ਸਤੰਬਰ ਦਰਮਿਆਨ ਮੌਸਮ ਅਤੇ ਜ਼ਮੀਨ ਦੀ ਨਮੀਂ ਅਨੁਸਾਰ ਬੂਟਿਆਂ ਨੂੰ ਹਫਤੇ ਦੇ ਵਕਫੇ 'ਤੇ ਪਾਣੀ ਦੇਣਾ ਚਾਹੀਦਾ ਹੈ। ਅਕਤੂਬਰ-ਨਵੰਬਰ ਵਿੱਚ 10-15 ਦਿਨਾਂ ਬਾਅਦ ਸਿੰਚਾਈ ਕਰੋ।

**ਨਾਖਾਂ** : ਨਾਖਾਂ ਦੇ ਬੂਟਿਆਂ ਨੂੰ ਲਗਾਉਣ ਤੋਂ ਮਗਰੋਂ ਜਲਦੀ ਪਾਣੀ ਲਗਾਉਣਾ ਚਾਹੀਦਾ ਹੈ। ਗਰਮੀਆਂ ਵਿੱਚ ਇੱਕ ਹਫਤੇ ਦੇ ਵਕਫੇ 'ਤੇ ਅਤੇ ਅਗਸਤ-ਸਤੰਬਰ ਵਿੱਚ 15 ਦਿਨਾਂ ਦੇ ਵਕਫੇ 'ਤੇ ਪਾਣੀ ਲਗਾਉ। ਜਨਵਰੀ ਦੇ ਮਹੀਨੇ ਪਾਣੀ ਨਾ ਦੇਵੋ। ਫਲ ਬਣਨ ਮਗਰੋਂ ਗਰਮੀਆਂ 'ਚ ਖੁੱਲਾ ਪਾਣੀ ਲਗਾਉਣ ਨਾਲ ਫਲ ਦਾ ਝਾੜ ਅਤੇ ਗੁਣਵੱਤਾ ਵਧਾਈ ਜਾ ਸਕਦੀ ਹੈ।

**ਅੰਗੂਰ** : ਕਾਂਟ-ਛਾਂਟ ਮਗਰੋਂ ਫਰਵਰੀ ਦੇ ਪਹਿਲੇ ਪੰਦਰਵਾੜੇ ਖਾਦਾਂ ਮਗਰੋਂ ਬੂਟਿਆਂ ਨੂੰ ਇੱਕ ਪਾਣੀ ਜ਼ਰੂਰ ਲਗਾਉਣਾ ਚਾਹੀਦਾ ਹੈ। ਮਾਰਚ ਵਿੱਚ ਇੱਕ ਪਾਣੀ ਅਤੇ ਅਪ੍ਰੈਲ ਵਿੱਚ ਫਲ ਲੱਗਣ ਤੋਂ ਬਾਅਦ ਮਈ ਦੇ ਪਹਿਲੇ ਹਫਤੇ ਤੱਕ 8-10 ਦਿਨਾਂ ਮਗਰੋਂ ਪਾਣੀ ਦੇਣਾ ਜ਼ਰੂਰੀ ਹੈ। ਬਾਕੀ ਸਾਰਾ ਮਈ ਹਰ ਹਫਤੇ ਅਤੇ ਜੂਨ ਵਿੱਚ ਤਿੰਨ-ਚਾਰ ਦਿਨਾਂ ਦੇ ਫਰਕ 'ਤੇ ਪਾਣੀ ਦੇਣਾ ਚਾਹੀਦਾ ਹੈ। ਜੁਲਾਈ-ਅਗਸਤ ਮਹੀਨੇ ਬਰਸਾਤ ਨਾ ਹੋਣ 'ਤੇ ਜ਼ਰੂਰਤ ਅਨੁਸਾਰ ਪਾਣੀ ਦਿਉ। ਜੇ ਨਵੰਬਰ-ਜਨਵਰੀ ਵਿੱਚ ਜ਼ਮੀਨ ਵਧੇਰੇ ਸੁੱਕੀ ਹੋਵੇ ਤਾਂ ਸਿੰਚਾਈ ਕਰੋ।

# ਜੈਵਿਕ ਖੇਤੀ : ਇਕ ਲਾਹੇਵੰਦ ਵਿਕਲਪ

ਚੇਤਨ ਸਿੰਘ ਜਸਰੋਤੀਆ, ਅਰਜਿੰਦਰ ਕੌਰ ਅਤੇ ਸ਼ਰੂਤੀ ਚੋਪੜਾ, ਆਰਥਿਕ ਅਤੇ ਸਮਾਜਿਕ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ।

ਵਿਗਿਆਨਕ ਸੰਸਾਧਨਾਂ ਅਤੇ ਤਕਨੀਕਾਂ ਦੀ ਕਾਢ ਤੋਂ ਪਹਿਲਾਂ ਖੇਤੀ ਮੁੱਢਲੇ ਤੌਰ 'ਤੇ ਜੈਵਿਕ ਹੀ ਸੀ। ਕੁਦਰਤ ਨਾਲ ਇਕਸੁਰਤਾ ਵਿਚ ਇਹ ਧੰਦਾ ਪ੍ਰਕ੍ਰਿਤੀ ਦੁਆਰਾ ਦਿੱਤੇ ਮੌਸਮੀ ਚੱਕਰ, ਭੋਇ, ਨਦੀ, ਨਾਲਿਆਂ ਅਤੇ ਮੀਂਹ ਦੀ ਸਿੰਚਾਈ ਤੇ ਹੀ ਨਿਰਭਰ ਸੀ। ਆਬਾਦੀ ਘੱਟ ਹੋਣ ਕਾਰਨ, ਖੇਤੀ ਦੀ ਪੈਦਾਵਾਰ ਜਨਜੀਵਨ ਲਈ ਕਾਫੀ ਹੋ ਨਿਬੜਦੀ ਸੀ। ਸਮਾਂ ਪੈਣ ਨਾਲ ਵਧੀਆ ਸਿਹਤ ਸਹੂਲਤ ਮਿਲਣ ਕਾਰਨ ਮਹਾਂਮਾਰੀਆਂ ਦੀ ਮਾਰ ਘੱਟ ਗਈ ਅਤੇ ਵਸੋਂ ਘਣਤਾ ਵੱਧਣੀ ਸ਼ੁਰੂ ਹੋ ਗਈ। ਵੱਧਦੀ ਜਨਸੰਖਿਆ ਕਾਰਨ, ਖਾਧ ਪਦਾਰਥਾਂ ਦੀ ਮੰਗ ਵੀ ਵਧਣ ਲੱਗੀ। ਜ਼ਮੀਨ ਦੀ ਸੀਮਤ ਪੂਰਤੀ ਹੋਣ ਕਾਰਨ, ਪੈਦਾਵਾਰ ਵਧਾਉਣ ਲਈ ਨਵੇਂ ਸਾਧਨਾਂ ਦੀ ਖੋਜ ਸ਼ੁਰੂ ਹੋਈ। ਵਿਗਿਆਨ ਨੇ ਖੇਤੀ ਦੇ ਨਵੇਂ ਢੰਗਾਂ ਅਤੇ ਸ੍ਰੋਤਾਂ ਜਿਵੇਂ ਕਿ ਰਸਾਇਣਿਕ ਖਾਦਾਂ, ਕੀਟ ਨਾਸ਼ਕ, ਰਸਾਇਣਕ ਦਵਾਈਆਂ ਘੱਟ ਮਿਆਦ ਦੇ ਬੀਜ, ਜ਼ਮੀਨੀ ਪਾਣੀ ਖਿੱਚਣ ਦੀਆਂ ਮਸ਼ੀਨਾ ਆਦਿ ਨੂੰ ਜਨਮ ਦਿੱਤਾ। ਇਸ ਨਾਲ ਸਾਡੀ ਪ੍ਰਕ੍ਰਿਤੀ ਤੇ ਅਧਾਰਿਤ ਖੇਤੀ, ਆਧੁਨਿਕ ਖੇਤੀ ਵਿਚ ਤਬਦੀਲੀ ਹੋ ਗਈ। ਪੰਜਾਬ ਵਿਚ ਇਸ ਦਾ ਮੁੱਢ ਵਧੇਰੇ ਕਰਕੇ ਹਰੀ ਕ੍ਰਾਂਤੀ ਦੇ ਆਉਣ ਨਾਲ ਬੱਝਾ। ਬਹੁਤੀ ਝਾੜ ਨਾਲੇ ਬੀਜਾਂ ਦੀਆਂ ਕਿਸਮਾਂ ਵਿਕਸਿਤ ਹੋਣ ਨਾਲ ਰਸਾਇਣਾਂ (ਖਾਦ, ਨਦੀਨ ਨਾਸ਼ਕ, ਧਾਤਾਂ ਆਦਿ) ਦੀ ਵਰਤੋਂ ਵਧ ਹੋਣ ਲੱਗੀ। ਇਸ ਸਭ ਤੇ ਸਿੱਟੇ ਵਜੋਂ ਫਸਲਾਂ ਖਾਸ ਕਰਕੇ ਕਣਕ ਅਤੇ ਝੋਨੇ ਦੇ ਝਾੜ ਵਿਚ ਰਿਕਾਰਡ ਤੋੜ ਵਾਧਾ ਹੋਇਆ ਅਤੇ ਪੈਦਾਵਾਰ ਕਈ ਗੁਣਾ ਵੱਧ ਗਈ। ਜਿੱਥੇ ਪੰਜਾਬ ਨੇ ਭਾਰਤ ਨੂੰ ਅੰਨ ਭੰਡਾਰ ਵਿਚ ਸੁਰੱਖਿਅਤਾ ਪ੍ਰਦਾਨ ਕੀਤੀ, ਪਰ ਨਾਲ ਹੀ ਇਥੇ ਖੇਤੀ ਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਭੋਇੰ ਦੀ ਲਗਾਤਾਰ ਨਿਘਰਦੀ ਉਤਪਾਦਨ ਸਮਰੱਥਾ ਕਾਰਨ ਦਿਨ ਪਰ ਦਿਨ ਰਸਾਇਣਕ ਖਾਦਾਂ ਦੀ ਵਰਤੋਂ ਵਧਦੀ ਜਾ ਰਹੀ ਹੈ। ਖੇਤੀ ਵਿਚ ਵੰਨ-ਸੁਵੰਨਤਾ ਗਾਇਬ ਹੋ ਗਈ ਹੈ ਅਤੇ ਕਣਕ-ਝੋਨੇ ਦਾ ਏਕੀਚੱਕਰ ਜਾਰੀ ਹੈ। ਸਿੰਜਾਈ ਲਈ ਵਧਦੀ ਵਰਤੋਂ ਕਾਰਨ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਗਿਰ ਰਿਹਾ ਹੈ। ਮਿੱਟੀ ਵਿਚ ਸੂਖਮ ਧਾਤਾਂ ਦੀ ਘਾਟ ਵੀ ਵੇਖਣ ਵਿਚ ਆਈ ਹੈ। ਅਜਿਹੇ ਹਾਲਤਾਂ ਵਿਚ ਕੁਝ ਸੂਝਵਾਨ ਕਿਸਾਨ ਮੁੜ, ਜੈਵਿਕ ਖੇਤੀ ਵੱਲ ਪਰਤ ਰਹੇ ਹਨ। ਜੈਵਿਕ ਖੇਤੀ ਦੀ ਮਹੱਤਤਾ ਨੂੰ ਸਮਝਦੇ ਹੋਏ, ਉਹ ਆਪਣੀ ਪੈਲੀ ਦਾ ਕੁੱਝ ਹਿੱਸਾ ਇਸ ਪਾਸੇ ਵੱਲ ਦੇ ਰਹੇ ਹਨ। ਭਾਰਤ ਸਰਕਾਰ ਵੱਲੋਂ ਵੀ ਇਸ ਨੂੰ ਜ਼ੀਰੋ ਬਜਟ ਕੁਦਰਤੀ ਖੇਤੀ ਯੋਜਨਾ ਅਧੀਨ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

ਇਸ ਖੇਤੀ ਦੇ ਕੁਝ ਪੱਖ ਉਜਾਗਰ ਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਆਰਥਿਕ ਅਤੇ ਸਮਾਜ ਸ਼ਾਸਤਰ ਵਿਭਾਗ ਵਿਚ 60 ਜੈਵਿਕ ਉਤਪਾਦਕਾਂ ਦਾ ਅਧਿਐਨ ਕੀਤਾ ਗਿਆ। ਇਸ ਵਿਚ ਕਣਕ, ਦਾਲਾਂ, ਤੇਲ ਬੀਜ ਅਤੇ ਖਾਧ ਪਦਾਰਥ ਹਲਦੀ ਅਤੇ ਗੁੜ/ਸ਼ੱਕਰ ਨੂੰ ਲਿਆ ਗਿਆ। ਪਰੰਪਰਾਗਤ ਅਤੇ ਜੈਵਿਕ ਢੰਗਾਂ ਨਾਲ ਇਨ੍ਹਾਂ ਦੇ ਅਧਿਐਨ ਤੋਂ ਸਾਹਮਣੇ ਆਇਆ ਕਿ ਜੈਵਿਕ ਕਣਕ ਦਾ ਝਾੜ 10.6 ਕੁਇੰਟਲ ਪ੍ਰਤੀ ਏਕੜ, ਜੈਵਿਕ ਦਾਲਾਂ 4.2 ਕੁਇੰਟਲ ਪ੍ਰਤੀ ਏਕੜ, ਜੈਵਿਕ ਤੇਲ ਬੀਜ 101 ਲੀਟਰ ਪ੍ਰਤੀ ਏਕੜ, ਜੈਵਿਕ ਹਲਦੀ 259 ਕਿਲੋ ਪ੍ਰਤੀ ਏਕੜ, ਪਰੰਪਰਾਗਤ ਖੇਤੀ ਨਾਲ ਘੱਟ ਸੀ। ਪਰ ਦੂਜੇ ਪਾਸੇ ਜੈਵਿਕ ਕਣਕ ਦਾ ਬਜਾਰ ਮੁੱਲ ਲਗਭਗ 3968 ਰੁਪਏ ਪ੍ਰਤੀ ਕੁਇੰਟਲ, ਦਾਲਾਂ 7605 ਰੁਪਏ ਪ੍ਰਤੀ ਕੁਇੰਟਲ, ਤੇਲ ਬੀਜ 98 ਰੁਪਏ ਪ੍ਰਤੀ ਲੀਟਰ, ਹਲਦੀ 102 ਰੁਪਏ ਪ੍ਰਤੀ ਕਿਲੋ ਅਤੇ ਗੁੜ ਸ਼ੱਕਰ 44 ਰੁਪਏ ਪ੍ਰਤੀ ਕਿਲੋ ਵੱਧ ਮਿਲ ਰਿਹਾ ਸੀ। ਇਸ ਦੇ ਸਿੱਟੇ ਵਜੋਂ ਜੈਵਿਕ ਕਣਕ ਲਗਭਗ 29177 ਰੁਪਏ, ਤੇਲ 3475 ਰੁਪਏ, ਹਲਦੀ 130605 ਰੁਪਏ ਅਤੇ ਗੁੜ/ਸ਼ੱਕਰ 150399 ਰੁਪਏ ਪ੍ਰਤੀ ਏਕੜ ਵੱਧ ਆਮਦਨ ਦੇ ਰਹੇ ਸਨ। ਸਰਵੇਖਣ ਅਧੀਨ ਕਿਸਾਨਾਂ ਮੁਤਾਬਿਕ ਘੱਟ ਝਾੜ ਦੇ ਬਾਵਜੂਦ ਜੈਵਿਕ ਖੇਤੀ ਉਨ੍ਹਾਂ ਨੂੰ ਵਧੇਰੇ ਆਮਦਨ ਦੇ ਰਹੀ ਹੈ। ਮੌਜੂਦਾ ਖੇਤੀ ਪ੍ਰਣਾਲੀ ਵਿਚ ਪੇਸ਼ ਆਉਂਦੀਆਂ ਕਠਿਨਾਈਆਂ ਕਰਕੇ ਉਨ੍ਹਾਂ ਨੇ ਜੈਵਿਕ ਖੇਤੀ ਨੂੰ ਇੱਕ ਚੰਗਾ ਵਿਕਲਪ ਦੱਸਿਆ। ਉਨ੍ਹਾਂ ਮੁਤਾਬਿਕ ਇਹ ਖੇਤੀ ਢੰਗ ਪ੍ਰਚਲਿਤ ਖੇਤੀ ਨਾਲੋਂ ਆਰਥਿਕ ਪੱਖੋਂ ਵਧੇਰੇ ਮਜ਼ਬੂਤ ਹੈ। ਪਰ ਸਾਰੇ ਖੇਤੀ ਹੇਠ ਰਕਬੇ ਨੂੰ ਜੈਵਿਕ ਖੇਤੀ ਹੇਠ ਲਿਆਉਣ ਲਈ ਉਹ ਅਸਹਿਮਤ ਸਨ। ਇਸ ਖੇਤੀ ਢੰਗ ਨਾਲ ਦੇਸ਼ ਨੂੰ ਅੰਨ ਸੁਰੱਖਿਅਤ ਬਣਾਉਣ ਸੰਬੰਧੀ ਵੀ ਵਧੇਰੇ ਕਿਸਾਨਾਂ ਦੀ ਸਹਿਮਤੀ ਨਹੀਂ ਸੀ।

ਜੈਵਿਕ ਖੇਤੀ ਵਿਚ ਪੇਸ਼ ਆਉਂਦੀਆਂ ਮੁਸ਼ਕਿਲਾਂ ਵਿਚ ਮੁੱਖ ਤੌਰ ਤੇ ਇਸ ਨੂੰ ਪ੍ਰਮਾਣਿਤ ਕਰਵਾਉਣ ਦੀ ਹੈ। ਇਸ ਦੀ ਲੰਬੀ ਪ੍ਰਕਿਰਿਆ, ਸਮਾਂ ਅਵਧੀ, ਕਾਗਜ਼ ਪੱਤਰ ਆਦਿ ਦੇ ਚਲਦੇ ਇਸ ਵਿਚ ਲਗਭਗ ਦੋ ਸਾਲ ਦਾ ਸਮਾਂ ਲੱਗਦਾ ਹੈ। ਦੂਜੇ ਪਾਸੇ ਜੈਵਿਕ ਖੇਤੀ ਉਤਪਾਦਨ ਵਿਚ ਘੱਟ ਝਾੜ, ਬਿਮਾਰੀਆਂ ਅਤੇ ਕੀਟਾਂ ਦਾ ਹਮਲਾ, ਜੈਵਿਕ ਸਾਧਨਾਂ ਦੀ ਘਾਟ ਮੁੱਖ ਦਿੱਕਤਾਂ ਹਨ। ਪਰ ਜੈਵਿਕ ਪਦਾਰਥਾਂ ਦਾ ਮੰਡੀਕਰਨ ਇਕਦ ਵਿਸ਼ੇਸ਼ ਮੁੱਦਾ ਹੈ। ਇਨ੍ਹਾਂ ਦੇ ਘੱਟ ਝਾੜ ਅਤੇ ਘੱਟ ਰਕਬੇ ਕਾਰਨ ਪੂਰਤੀ ਸੀਮਤ ਹੈ ਪਰ ਮੰਗ ਵਿਚ ਦਿਨੋਂ ਦਿਨ ਵਾਧਾ ਹੋ ਰਿਹਾ ਹੈ। ਸਿਹਤ ਪ੍ਰਤੀ ਵਧਦੀ ਜਾਗਰੂਕਤਾ, ਵੱਧਦੀ ਆਮਦਨ ਕਾਰਨ ਵੱਧ ਰਹੀ ਖਰੀਦ ਸ਼ਕਤੀ, ਸ਼ਹਿਰੀਕਰਨ ਆਦਿ ਇਸ ਦੇ ਮੁੱਖ ਕਾਰਨ ਹਨ। ਮੰਗ ਦਾ ਪੂਰਤੀ ਨਾਲੋਂ ਵਧੇਰੇ ਹੋਣਾ ਹੀ ਇਨ੍ਹਾਂ ਦੀ ਵਧ ਬਜ਼ਾਰ ਕੀਮਤ ਦਾ ਮੁੱਖ ਕਾਰਨ ਹੈ। ਪਰ ਸਰਵੇਖਣ ਮੁਤਾਬਿਕ ਉਤਪਾਦਕਾਂ ਨੂੰ ਕੀਮਤਾਂ ਦਾ ਉਤਾਰ-ਚੜਾਅ, ਰਕਮ ਅਦਾਇਗੀ ਵਿਚ ਵਿਚੋਲਿਆਂ ਵੱਲੋਂ ਦੇਰੀ, ਮਹਿੰਗੀ ਆਵਾਜਾਈ, ਬਰੈਂਡ ਲੇਬਲ/ਮਾਰਕਾ ਦਾ ਨਾ ਹੋਣਾ ਜੈਵਿਕ ਉਤਪਾਦ ਦੇ ਮੰਡੀਕਰਣ ਦੀਆਂ ਮੁੱਖ ਦਿੱਕਤਾ ਹਨ।

ਪੰਜਾਬ ਵਿਚ ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਨ ਲਈ, ਇਨ੍ਹਾਂ ਔਕੜਾਂ ਨੂੰ ਦੂਰ ਕਰਨ ਦੀ ਲੋੜ ਹੈ ਤਾਂ ਜੋ ਹਰ ਕਿਸਾਨ ਵਾਹੀਯੋਗ ਜ਼ਮੀਨ ਦਾ ਕੁਝ ਹਿੱਸਾ ਪ੍ਰਕ੍ਰਿਤਕ ਜੈਵਿਕ ਖੇਤੀ ਨੂੰ ਸਮਰਪਿਤ ਕਰਕੇ ਵਧੇਰੇ ਲਾਭ ਕਮਾ ਸਕੇ। ਜੈਵਿਕ ਉਤਪਾਦਾਂ ਦੀ ਵਧਦੀ ਮੰਗ ਅਤੇ ਲਾਭ ਪ੍ਰਤੀ ਜਾਗਰੂਕਤਾ, ਪ੍ਰਮਾਣਿਕਤਾ ਅਤੇ ਬਰੈਡਿੰਗ ਦੀ ਪ੍ਰਕ੍ਰਿਆ ਨੂੰ ਸਰਲ ਕਰਨਾ, ਜੈਵਿਕ ਪਦਾਰਥਾਂ ਲਈ ਵੱਖਰੀਆਂ ਮੰਡੀਆਂ ਮੁਹੱਈਆ ਕਰਾਉਣਾ, ਜੈਵਿਕ ਸਾਧਨਾਂ ਤੇ ਸਬਸਿਡੀ ਆਦਿ ਇਸ ਦਿਸ਼ਾ ਵੱਲ ਕੁਝ ਮਹੱਤਵਪੂਰਣ ਕਦਮ ਹਨ।

**ਪੰਜਾਬ ਵਿੱਚ ਇਹ ਕੀੜਾ ਮੱਕੀ ਉੱਪਰ ਮਾਰਚ ਤੋਂ ਨਵੰਬਰ ਤੱਕ ਮਿਲਦਾ ਹੈ ਪਰ ਜੁਲਾਈ ਤੋਂ ਸਤੰਬਰ ਦੌਰਾਨ ਇਸ ਦਾ ਹਮਲਾ ਵਧੇਰੇ ਹੁੰਦਾ ਹੈ । ਦਸੰਬਰ ਅਤੇ ਜਨਵਰੀ ਦੀ ਠੰਢ ਵਿੱਚ ਇਹ ਕੀੜਾ ਲਗਭਗ ਖ਼ਤਮ ਹੋ ਜਾਂਦਾ ਹੈ । ਪਿਛਲੇ ਸਾਲ ਦੌਰਾਨ ਇਹ ਦੇਖਣ ਵਿੱਚ ਆਇਆ ਹੈ ਕਿ ਗ਼ੈਰ-ਸਿਫ਼ਾਰਿਸ਼ ਕੀਟਨਾਸ਼ਕਾਂ ਦੀ ਵਰਤੋਂ ਅਤੇ ਛਿੜਕਾਅ ਦੇ ਗ਼ਲਤ ਢੰਗ ਕਾਰਨ ਕਈ ਥਾਵਾਂ ਉੱਤੇ ਫ਼ਸਲ ਦਾ ਕਾਫ਼ੀ ਨੁਕਸਾਨ ਹੋਇਆ ਹੈ ।**



# ਮੱਕੀ 'ਤੇ ਫਾਲ ਆਰਮੀਵਰਮ ਦੀ ਸਰਵਪੱਖੀ ਰੋਕਥਾਮ

**ਜਵਾਲਾ ਜਿੰਦਲ, ਹਰਪ੍ਰੀਤ ਕੌਰ ਚੀਮਾ, ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ ਅਤੇ ਨਵੀਨ ਅਗਰਵਾਲ, ਕੀਟ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ**

ਫਾਲ ਆਰਮੀਵਰਮ ਮਈ 2018 ਵਿੱਚ ਭਾਰਤ ਪਹੁੰਚਣ ਤੋਂ ਬਾਅਦ ਲਗਾਤਾਰ ਮੱਕੀ ਦੀ ਫ਼ਸਲ ਉੱਤੇ ਨੁਕਸਾਨ ਕਰ ਰਿਹਾ ਹੈ । ਪੰਜਾਬ ਵਿੱਚ ਇਹ ਕੀੜਾ ਮੱਕੀ ਉੱਪਰ ਮਾਰਚ ਤੋਂ ਨਵੰਬਰ ਤੱਕ ਮਿਲਦਾ ਹੈ ਪਰ ਜੁਲਾਈ ਤੋਂ ਸਤੰਬਰ ਦੌਰਾਨ ਇਸ ਦਾ ਹਮਲਾ ਵਧੇਰੇ ਹੁੰਦਾ ਹੈ । ਦਸੰਬਰ ਅਤੇ ਜਨਵਰੀ ਦੀ ਠੰਢ ਵਿੱਚ ਇਹ ਕੀੜਾ ਲਗਭਗ ਖ਼ਤਮ ਹੋ ਜਾਂਦਾ ਹੈ । ਪਿਛਲੇ ਸਾਲ ਦੌਰਾਨ ਇਹ ਦੇਖਣ ਵਿੱਚ ਆਇਆ ਹੈ ਕਿ



ਗੈਰ-ਸਿਫਾਰਿਸ਼ ਕੀਟਨਾਸ਼ਕਾਂ ਦੀ ਵਰਤੋਂ ਅਤੇ ਛਿੜਕਾਅ ਦੇ ਗਲਤ ਢੰਗ ਕਾਰਨ ਕਈ ਥਾਵਾਂ ਉੱਤੇ ਫ਼ਸਲ ਦਾ ਕਾਫ਼ੀ ਨੁਕਸਾਨ ਹੋਇਆ ਹੈ । ਇਸ ਕੀੜੇ ਦੀ ਜ਼ਿਆਦਾ ਵਧਣ-ਫੁੱਲਣ ਦੀ ਸਮਰੱਥਾ ਕਾਰਨ ਇਹ ਦੇਖਿਆ ਗਿਆ ਹੈ ਕਿ ਜੇ ਪਿੰਡ ਵਿੱਚੋਂ ਕਿਸੇ ਇੱਕ ਖੇਤ ਵਿੱਚ ਵੀ ਰੋਕਥਾਮ ਨਹੀਂ ਹੁੰਦੀ ਤਾਂ ਇਹ ਕੀੜਾ ਬਾਕੀ ਦੇ ਖੇਤਾਂ ਵਿੱਚ ਵੀ ਬਹੁਤ ਜਲਦ ਦੁਬਾਰਾ ਹਮਲਾ ਕਰ ਦਿੰਦਾ ਹੈ । ਇਸ ਕਾਰਨ ਰੋਕਥਾਮ ਲਈ ਵਾਰ-ਵਾਰ ਕੀਟਨਾਸ਼ਕਾਂ ਦਾ ਛਿੜਕਾਅ ਕਰਨਾ ਪੈ ਜਾਂਦਾ ਹੈ । ਇਸ ਕੀੜੇ ਦੀ ਸਫ਼ਲ ਰੋਕਥਾਮ ਲਈ ਮੱਕੀ ਉਗਾਉਣ ਵਾਲੇ ਜ਼ਿਲ੍ਹਿਆਂ ਵਿੱਚ ਵਿਆਪਕ ਪੱਧਰ ਉੱਤੇ ਮੁਹਿੰਮ ਚਲਾਈ ਜਾ ਰਹੀ ਹੈ । ਸਰਵਪੱਖੀ ਰੋਕਥਾਮ ਦੇ ਤਰੀਕੇ ਜਿਵੇਂ ਆਂਡਿਆਂ ਦੇ ਝੁੰਡਾਂ ਨੂੰ ਨਸ਼ਟ ਕਰਨਾ ਅਤੇ ਮਿੱਟੀ ਤੇ ਕੀਟਨਾਸ਼ਕ ਦੇ ਮਿਸ਼ਰਨ ਨੂੰ ਹਮਲੇ ਵਾਲਿਆਂ ਗੋਭਾਂ ਵਿੱਚ ਪਾਉਣ ਨਾਲ ਕੀਟਨਾਸ਼ਕਾਂ ਦਾ ਖ਼ਰਚਾ ਘੱਟ ਸਕਦਾ ਹੈ ।

## ਕੀੜੇ ਦੀ ਪਛਾਣ, ਜੀਵਨ ਚੱਕਰ ਅਤੇ ਰੋਕਥਾਮ :

**ਪਛਾਣ** : ਫਾਲ ਆਰਮੀਵਰਮ ਦੀਆਂ ਸੁੰਡੀਆਂ ਹਰੇ ਤੋਂ ਹਲਕੇ ਭੂਰੇ ਜਾਂ ਸੁਰਮਈ ਰੰਗ ਦੀਆਂ ਹੁੰਦੀਆਂ ਹਨ । ਸੁੰਡੀ ਦੀ ਪਛਾਣ ਪਿਛਲੇ ਸਿਰੇ ਵੱਲ ਚੌਰਸ ਆਕਾਰ ਵਿੱਚ ਬਣੇ ਚਾਰ ਬਿੰਦੂਆਂ ਅਤੇ ਸਿਰ ਵਾਲੇ ਪਾਸੇ ਚਿੱਟੇ ਰੰਗ ਦੇ ਅੰਗਰੇਜ਼ੀ ਦੇ ਅੱਖਰ 'Y' ਦੇ ਪੁੱਠੇ ਨਿਸ਼ਾਨ ਤੋਂ ਹੋ ਜਾਂਦੀ ਹੈ । ਇਸ ਦਾ ਪਿਊਪਾ ਲਾਲ ਭੂਰੇ ਰੰਗ ਦਾ ਹੁੰਦਾ ਹੈ ਅਤੇ ਆਮ ਤੌਰ ਉੱਤੇ ਜ਼ਮੀਨ ਅੰਦਰ ਰਹਿੰਦਾ ਹੈ ।

**ਜੀਵਨ ਚੱਕਰ** : ਇਸ ਕੀੜੇ ਦੇ ਜੀਵਨ ਚੱਕਰ ਦੀ ਜਾਣਕਾਰੀ ਇਸ ਦੇ ਵਧੇ ਅਤੇ ਫ਼ੈਲਾਅ ਨੂੰ ਸਮਝਣ ਵਿੱਚ ਸਹਾਈ ਹੁੰਦੀ ਹੈ । ਇਹ ਕੀੜੇ ਦੀ ਮਾਦਾ ਪਤੰਗਾ 1500 ਅੰਡੇ ਦੇ ਸਕਦੀ ਹੈ ਅਤੇ 500 ਕਿਲੋਮੀਟਰ ਤੱਕ ਉੱਡ ਸਕਦੀ ਹੈ । ਇਸ ਕਰਕੇ ਫਾਲ ਆਰਮੀਵਰਮ ਇੱਕ ਪੀੜ੍ਹੀ ਵਿੱਚ ਹੀ ਵੱਡੇ ਖੇਤਰ ਵਿੱਚ ਫੈਲ ਸਕਦਾ ਹੈ । ਅੰਡੇ ਝੁੰਡਾਂ ਦੇ ਰੂਪ ਵਿੱਚ (100-150 ਅੰਡੇ ਪ੍ਰਤੀ ਝੁੰਡ) ਪੱਤੇ ਦੀ ਉਪਰਲੇ (ਆਮ ਤੌਰ 'ਤੇ) ਜਾਂ ਹੇਠਲੇ ਪਾਸੇ ਦਿੱਤੇ ਹੁੰਦੇ ਹਨ । ਆਂਡਿਆਂ ਵਿੱਚੋਂ ਸੁੰਡੀਆਂ 4 ਤੋਂ 6 ਦਿਨਾਂ ਵਿੱਚ ਨਿਕਲ ਆਉਂਦੀਆਂ ਹਨ । ਅਨੁਕੂਲ ਹਾਲਤਾਂ ਵਿੱਚ ਸੁੰਡੀ 14 ਤੋਂ 20 ਦਿਨਾਂ ਤੱਕ ਪਲਦੀ ਹੈ । ਇਸ ਤੋਂ ਬਾਅਦ ਕੋਆ (ਪਿਊਪਾ) ਬਣਦਾ ਹੈ ਜੋ 8 ਤੋਂ 10 ਦਿਨਾਂ ਵਿੱਚ ਬਾਲਗ ਕੀੜਾ (ਪਤੰਗਾ) ਬਣ ਜਾਂਦਾ ਹੈ । ਬਾਲਗ ਕੀੜਾ 4 ਤੋਂ 6 ਦਿਨ ਜਿਉਂਦਾ ਰਹਿੰਦਾ ਹੈ । ਪੰਜਾਬ ਵਿੱਚ ਇਹ ਕੀੜਾ ਕਈ ਪੀੜ੍ਹੀਆਂ ਪੂਰੀਆਂ ਕਰਦਾ ਹੈ ।

**ਮੱਕੀ ਤੇ ਨੁਕਸਾਨ ਦੇ ਲੱਛਣ** : ਇਹ ਕੀੜਾ 10 ਦਿਨਾਂ ਦੀ ਫ਼ਸਲ ਤੋਂ ਲੈ ਕੇ ਛੱਲੀ ਬਣਨ ਤੱਕ ਫ਼ਸਲ ਨੂੰ ਨੁਕਸਾਨ ਪਹੁੰਚਾਉਂਦਾ ਹੈ । ਮੱਕੀ ਦੀ ਗੋਭ ਵਿੱਚ ਖਾਣਾ ਇਸ ਕੀੜੇ ਨੂੰ ਵਧੇਰੇ ਪਸੰਦ ਹੈ । ਆਮ ਤੌਰ ਉੱਤੇ ਇਸ ਕੀੜੇ ਦਾ ਹਮਲਾ ਖੇਤਾਂ ਵਿੱਚ ਧੌੜੀਆਂ ਵਿੱਚ ਸ਼ੁਰੂ ਹੋ ਕੇ ਬਹੁਤ ਜਲਦੀ ਸਾਰੇ ਖੇਤ ਵਿੱਚ ਫ਼ੈਲ ਜਾਂਦਾ ਹੈ । ਹਮਲੇ ਦੇ ਸ਼ੁਰੂਆਤ ਵਿੱਚ ਛੋਟੀਆਂ ਸੁੰਡੀਆਂ ਪੱਤੇ ਨੂੰ ਉੱਪਰੋਂ ਖੁਰਚ ਕੇ ਖਾਂਦੀਆਂ ਹਨ । ਇਸ ਕਾਰਨ ਪੱਤਿਆਂ ਉੱਤੇ ਲੰਮੇ ਆਕਾਰ ਦੇ ਕਾਗਜ਼ੀ ਨਿਸ਼ਾਨ ਬਣ ਜਾਂਦੇ ਹਨ । ਜਦੋਂ ਸੁੰਡੀਆਂ ਵੱਡੀਆਂ ਹੁੰਦੀਆਂ ਹਨ ਤਾਂ ਪੱਤਿਆਂ ਉੱਪਰ ਬੇਤਰਤੀਬੀਆਂ, ਗੋਲ ਜਾਂ ਆਂਡਾਕਾਰ ਮੋਰੀਆਂ ਬਣਾਉਂਦੀਆਂ ਹਨ । ਇਨ੍ਹਾਂ ਮੋਰੀਆਂ ਦਾ ਆਕਾਰ ਸੁੰਡੀਆਂ ਦੇ ਵਿਕਾਸ ਨਾਲ ਵਧਦਾ ਜਾਂਦਾ ਹੈ । ਵੱਡੀਆਂ ਸੁੰਡੀਆਂ ਗੋਭ ਦੇ ਪੱਤਿਆਂ ਨੂੰ ਬੁਰੀ ਤਰ੍ਹਾਂ ਖਾ ਕੇ, ਇਨ੍ਹਾਂ ਗੋਭਾਂ ਵਿੱਚ ਭਾਰੀ ਮਾਤਰਾ ਵਿੱਚ ਵਿੱਠਾਂ ਕਰ ਦਿੰਦੀਆਂ ਹਨ । ਦਿਨ ਦੇ ਸਮੇਂ ਸੁੰਡੀਆਂ ਗੋਭ ਵਿੱਚ ਲੁਕ ਜਾਂਦੀਆਂ ਹਨ ।

**ਫ਼ਸਲ ਦਾ ਸਰਵੇਖਣ** : ਕਿਸਾਨਾਂ ਨੂੰ ਸ਼ੁਰੂ ਤੋਂ ਹੀ ਖੇਤਾਂ ਦਾ ਸਰਵੇਖਣ ਹਫ਼ਤੇ ਦੇ ਵਕਫ਼ੇ ਉੱਤੇ ਕਰਦੇ ਰਹਿਣਾ ਚਾਹੀਦਾ ਹੈ । ਸਰਵੇਖਣ ਲਈ ਖੇਤ ਦੇ ਪਾਸਿਆਂ ਤੋਂ 4-5 ਕਤਾਰਾਂ ਛੱਡ ਕੇ ਖੇਤ ਅੰਦਰ ਚੱਕਰ ਲਗਾਉਣਾ ਚਾਹੀਦਾ ਹੈ । ਸੁੰਡੀਆਂ ਦਾ ਹਮਲਾ ਦਿੱਸਦੇ ਹੀ ਇਸ ਦੇ ਜੀਵਨ ਚੱਕਰ ਨੂੰ ਅੱਗੇ ਵੱਧਣ ਤੋਂ ਰੋਕਣ ਲਈ ਤੁਰੰਤ ਆਪਣੇ ਖੇਤਾਂ ਵਿੱਚ ਢੁੱਕਵੇਂ ਰੋਕਥਾਮ ਉਪਰਾਲੇ ਕਰਨੇ ਚਾਹੀਦੇ ਹਨ ।

**ਰੋਕਥਾਮ** : ਇਸ ਕੀੜੇ ਦੀ ਰੋਕਥਾਮ ਦੇ ਉਪਰਾਲੇ ਸੁੰਡੀਆਂ ਖੇਤ ਵਿੱਚ ਨਜ਼ਰ ਆਉਂਦੇ ਸਾਰ ਹੀ ਸ਼ੁਰੂ ਕਰ ਦੇਣੇ ਚਾਹੀਦੇ ਹਨ ਕਿਉਂਕਿ ਛੋਟੀਆਂ ਸੁੰਡੀਆਂ ਦੀ ਰੋਕਥਾਮ ਸੌਖੀ ਹੋ ਜਾਂਦੀ ਹੈ । ਰੋਕਥਾਮ ਲਈ ਹੇਠ ਦੱਸੇ ਕਾਸ਼ਤਕਾਰੀ ਉਪਰਾਲੇ ਅਤੇ ਕੀਟਨਾਸ਼ਕ ਸਿਫ਼ਾਰਿਸ਼ ਕੀਤੇ ਗਏ ਹਨ :

**ਦਾਣਿਆਂ ਵਾਲੀ ਮੱਕੀ :**

➢ ਕੀੜੇ ਲਈ ਮੱਕੀ ਦੇ ਲਗਾਤਾਰ ਮੁਹੱਈਆ ਹੋਣ ਦਾ ਸਮਾਂ ਘਟਾਉਣ ਲਈ ਸਾਉਣੀ ਰੁੱਤ ਦੀ ਫ਼ਸਲ ਦੀ ਬਿਜਾਈ ਸਿਰਫ਼ ਸਿਫ਼ਾਰਿਸ਼ ਸਮੇਂ (25



ਮਈ ਤੋਂ 30 ਜੂਨ ਤੱਕ) ਦੌਰਾਨ ਹੀ ਕਰਨੀ ਚਾਹੀਦੀ ਹੈ ।

➢ ਨਾਲ ਲੱਗਦੇ ਖੇਤਾਂ ਵਿੱਚ ਮੱਕੀ ਦੀ ਬਿਜਾਈ ਥੋੜ੍ਹੇ-ਥੋੜ੍ਹੇ ਵਕਫ਼ੇ ਉੱਤੇ ਨਾ ਕਰੀਏ ਜਿਵੇਂ ਸਾਉਣੀ ਰੁੱਤ ਦੀ ਮੱਕੀ ਬੀਜਣ ਵਾਲੇ ਕਿਸਾਨ ਨਾਲ ਲਗਦੇ ਖੇਤਾਂ ਵਿੱਚ ਚਾਰੇ ਜਾਂ ਸਾਈਲੇਜ ਲਈ ਮੱਕੀ ਨਾ ਬੀਜਣ ਇਸ ਤਰ੍ਹਾਂ ਕਰਨ ਨਾਲ ਵੀ ਕੀੜੇ ਦੇ ਵਧਣ-ਫੁੱਲਣ ਅਤੇ ਫੈਲਣ ਨੂੰ ਰੋਕਿਆ ਜਾ ਸਕਦਾ ਹੈ ।

➢ ਆਂਡਿਆਂ ਦੇ ਝੁੰਡਾਂ ਨੂੰ ਨਸ਼ਟ ਕਰ ਦਿਉ । ਆਂਡਿਆਂ ਦੇ ਝੁੰਡ ਲੂਈ ਨਾਲ ਢਕੇ ਹੁੰਦੇ ਹਨ ਅਤੇ ਆਸਾਨੀ ਨਾਲ ਦਿਖ ਜਾਂਦੇ ਹਨ ।

**ਕੀਟਨਾਸ਼ਕਾਂ ਨਾਲ ਰੋਕਥਾਮ :**

➢ 0.5 ਮਿਲੀ ਲੀਟਰ ਡੈਲੀਗੇਟ 11.7 ਐੱਸ.ਸੀ. (ਸਪਾਈਨੋਟੋਰਮ) ਜਾਂ 0.4 ਮਿਲੀ ਲੀਟਰ ਕੋਰਾਜਨ 18.5 ਐੱਸ.ਸੀ. (ਕਲੋਰਐਂਟਰਾਨਿਲੀਪਰੋਲ) ਜਾਂ 0.4 ਗ੍ਰਾਮ ਮਿਜ਼ਾਈਲ 5 ਐੱਸ. ਜੀ. (ਐਮਾਮੈਕਟਿਨ ਬੈਂਜ਼ੋਏਟ) ਪ੍ਰਤੀ ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ ।

➢ 20 ਦਿਨਾਂ ਤੱਕ ਦੀ ਫ਼ਸਲ ਲਈ 120 ਲੀਟਰ ਪਾਣੀ ਪ੍ਰਤੀ ਏਕੜ ਵਰਤੋ । ਇਸ ਤੋਂ ਬਾਅਦ, ਫ਼ਸਲ ਦੇ ਵਾਧੇ ਅਨੁਸਾਰ ਪਾਣੀ ਦੀ ਮਾਤਰਾ 200 ਲੀਟਰ ਪ੍ਰਤੀ ਏਕੜ ਤੱਕ ਵਧਾਉ ਪਰ ਧਿਆਨ ਰੱਖੋ ਕਿ ਪਾਣੀ ਦੇ ਨਾਲ-ਨਾਲ ਉੱਪਰ ਦੱਸੇ ਕੀਟਨਾਸ਼ਕਾਂ ਦੀ ਮਾਤਰਾ ਵੀ ਉਸੇ ਅਨੁਪਾਤ ਵਿੱਚ ਵਧਾਉ ।

➢ ਛਿੜਕਾਅ ਲਈ ਸਿਰਫ਼ ਗੋਲ ਨੋਜ਼ਲ ਦੀ ਹੀ ਵਰਤੋਂ ਕਰੋ । ਸਪਰੇਅ ਦੀ ਦਿਸ਼ਾ ਮੱਕੀ ਦੀ ਗੋਭ ਵੱਲ ਕਰੋ ਤਾਂ ਜੋ ਸੁੰਡੀ ਉੱਪਰ ਕੀਟਨਾਸ਼ਕ ਦਾ ਸਿੱਧਾ ਅਸਰ ਹੋਵੇ ।

➢ ਜੇ ਹਮਲਾ ਕੁੱਝ ਬੂਟਿਆਂ ਉੱਤੇ ਹੋਵੇ ਜਾਂ ਫ਼ਸਲ 40 ਦਿਨਾਂ ਤੋਂ ਵੱਡੀ ਹੋਵੇ ਅਤੇ ਛਿੜਕਾਅ ਵਿੱਚ ਮੁਸ਼ਕਿਲ ਹੋਵੇ ਤਾਂ ਮਿੱਟੀ ਅਤੇ ਕੀਟਨਾਸ਼ਕ ਦੇ ਮਿਸ਼ਰਨ ਨੂੰ ਹਮਲੇ ਵਾਲੀਆਂ ਗੋਭਾਂ ਵਿੱਚ ਪਾਉ (ਲਗਭਗ ਅੱਧਾ ਗ੍ਰਾਮ ਪ੍ਰਤੀ ਗੋਭ) ।

➢ ਮਿਸ਼ਰਨ ਬਣਾਉਣ ਲਈ 5 ਮਿਲੀ ਲੀਟਰ ਡੈਲੀਗੇਟ 11.7 ਐੱਸ.ਸੀ. (ਸਪਾਈਨੋਟੋਰਮ) ਦਾ ਕੋਰਾਜਨ 18.5 ਐੱਸ.ਸੀ. (ਕਲੋਰਐਂਟਰਾਨਿਲੀਪਰੋਲ) ਜਾਂ 5 ਗ੍ਰਾਮ ਮਿਜ਼ਾਈਲ 5 ਐੱਸ.ਜੀ. (ਐਮਾਮੈਕਟਿਨ ਬੈਂਜ਼ੋਏਟ) ਨੂੰ 10 ਮਿਲੀ ਲੀਟਰ ਪਾਣੀ ਵਿੱਚ ਘੋਲ ਕੇ ਇੱਕ ਕਿੱਲੋ ਮਿੱਟੀ ਵਿੱਚ ਚੰਗੀ ਤਰ੍ਹਾਂ ਰਲਾਉ । ਮਿਸ਼ਰਨ ਬਣਾਉਣ ਅਤੇ ਪਾਉਣ ਸਮੇਂ ਦਸਤਾਨੇ ਜ਼ਰੂਰ ਪਾਉ ।

**ਚਾਰੇ ਵਾਲੀ ਮੱਕੀ :**

➢ ਚਾਰੇ ਵਾਲੀ ਮੱਕੀ ਦੀ ਬਿਜਾਈ ਅੱਧ-ਅਗਸਤ ਤੱਕ ਹੀ ਸੀਮਿਤ ਕੀਤੀ ਜਾਵੇ ਕਿਉਂਕਿ ਪਿਛੇਤੀ ਬੀਜੀ ਫ਼ਸਲ ਤੇ ਇਸ ਕੀੜੇ ਦਾ ਹਮਲਾ ਵਧੇਰੇ ਹੁੰਦਾ ਹੈ ।

➢ ਅਤਿ-ਸੰਘਣੀ ਬਿਜਾਈ ਵਿੱਚ ਇਸ ਕੀੜੇ ਦਾ ਹਮਲਾ ਵੱਧ ਹੁੰਦਾ ਹੈ, ਇਸ ਲਈ ਸਿਫ਼ਾਰਿਸ਼ ਕੀਤੀ ਬੀਜ ਦੀ ਮਾਤਰਾ (30 ਕਿੱਲੋ ਪ੍ਰਤੀ ਏਕੜ) ਹੀ ਵਰਤੀ ਜਾਵੇ ।

➢ ਕਤਾਰਾਂ ਵਿੱਚ ਬਿਜਾਈ (30 ਸੈਂਟੀਮੀਟਰ ਫ਼ਾਸਲਾ) ਕੀਟਨਾਸ਼ਕ ਦਾ ਛਿੜਕਾਅ ਗੋਭ ਵੱਲ ਕਰਨ ਵਿੱਚ ਸਹਾਈ ਹੁੰਦੀ ਹੈ ।

➢ ਕੀੜੇ ਦਾ ਹਮਲਾ ਘਟਾਉਣ ਲਈ ਚਾਰੇ ਵਾਲੀ ਮੱਕੀ ਵਿੱਚ ਬਾਜਰਾ/ਜੁਆਰ/ਰਵਾਂਹ ਰਲਾ ਕੇ ਬੀਜਣ ਨੂੰ ਤਰਜੀਹ ਦੇਣੀ ਚਾਹੀਦੀ ਹੈ ।

➢ ਚਾਰੇ ਵਾਲੀ ਮੱਕੀ ਵਿੱਚ ਆਂਡਿਆਂ ਦੇ ਝੁੰਡਾਂ ਨੂੰ ਨਸ਼ਟ ਕਰਨ ਨੂੰ ਖਾਸ ਤਰਜੀਹ ਦਿਉ ਤਾਂ ਜੋ ਕੀਟਨਾਸ਼ਕਾਂ ਦੀ ਵਰਤੋਂ ਘਟੇ ।

➢ ਚਾਰੇ ਵਾਲੀ ਫ਼ਸਲ ਤੇ ਕੋਰਾਜਨ 18.5 ਐੱਸ.ਸੀ. ਨੂੰ 0.4 ਮਿਲੀ ਲੀਟਰ ਪ੍ਰਤੀ ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ ।

➢ ਛਿੜਕਾਅ ਤੋਂ ਵਾਢੀ ਵਿਚਲਾ ਸਮਾਂ ਘੱਟ-ਘੱਟ 21 ਦਿਨਾਂ ਦਾ ਜ਼ਰੂਰ ਹੋਣਾ ਚਾਹੀਦਾ ਹੈ ਤਾਂ ਜੋ ਛਿੜਕਾਅ ਕੀਤੇ ਕੀਟਨਾਸ਼ਕ ਦਾ ਮਾੜਾ ਪ੍ਰਭਾਵ ਪਸ਼ੂਆਂ ਤੇ ਨਾ ਹੋ ਸਕੇ ।

ਕਿਸਾਨਾਂ ਨੂੰ ਖੇਤਾਂ ਦਾ ਲਗਾਤਾਰ ਚੰਗੀ ਤਰ੍ਹਾਂ ਸਰਵੇਖਣ ਕਰਦੇ ਰਹਿਣਾ ਚਾਹੀਦਾ ਹੈ । ਮਿੱਤਰ ਕੀੜੇ ਜਿਵੇਂ ਕੀਲੋਨਸ ਫੋਰਮੋਸੈਨਸ, ਕੋਪੀਲੇਟਿਸ, ਕੋਕਸੀਨੈਲਿਡ ਆਦਿ ਵੀ ਰੋਕਥਾਮ ਕਰਦੇ ਦੇਖੇ ਜਾ ਰਹੇ ਹਨ ।

# ਇਲੈੱਕਟ੍ਰਿਕ ਟਰੈਕਟਰਾਂ ਨੂੰ ਉਤਸ਼ਾਹਿਤ ਕਰਨ ਲਈ ਢੁੱਕਵੀਂ ਨੀਤੀ ਦੀ ਲੋੜ

**ਸਾਲਾਨਾ 10 ਲੱਖ ਤੋਂ ਵੱਧ ਟਰੈਕਟਰ ਵੇਚਣ ਵਾਲਾ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਟਰੈਕਟਰ ਨਿਰਮਾਤਾ ਦੇਸ਼ ਹੈ, ਪਰ ਦੂਜੇ ਵਾਹਨਾਂ ਦੇ ਮੁਕਾਬਲੇ ਇਲੈੱਕਟ੍ਰਿਕ ਟਰੈਕਟਰਾਂ ਨੂੰ ਘੱਟ ਅਪਨਾਇਆ ਜਾ ਰਿਹਾ ਹੈ। ਸਮਾਂ ਆ ਗਿਆ ਕਿ ਇਲੈੱਕਟ੍ਰਿਕ ਟਰੈਕਟਰਾਂ ਨੂੰ ਉਤਸ਼ਾਹਿਤ ਕੀਤਾ ਜਾਵੇ। ਇਹ ਕਿਸਾਨਾਂ ਨੂੰ ਵਾਤਾਵਰਨ ਪ੍ਰਤੀ ਜਾਗਰੂਕ ਕਰੇਗਾ ਅਤੇ ਭਾਰਤ ਨੂੰ ਇਲੈੱਕਟ੍ਰਿਕ ਟਰੈਕਟਰਾਂ ਦਾ ਸਿਰਮੌਰ ਨਿਰਯਾਤਕ ਬਣਾਵੇਗਾ। ਇਲੈੱਕਟ੍ਰਿਕ ਟਰੈਕਟਰਾਂ ਨੂੰ ਹੁੰਗਾਰਾ ਦੇਣ ਲਈ, ਦੂਜੇ ਈ. ਵੀ. ਉਤਪਾਦਨਾਂ ਨੂੰ ਦੀ ਉਤਸ਼ਾਹਿਤ ਕਰਨ ਵਾਲੀਆਂ ਨੀਤੀਆਂ ਦੀ ਸੂਚੀ 'ਚ ਸ਼ਾਮਿਲ ਕਰਨਾ ਚਾਹੀਦਾ ਹੈ।**



ਡਾ. ਅੰਮ੍ਰਿਤ ਸਾਗਰ ਮਿੱਤਲ, ਵਾਈਸ ਚੇਅਰਮੈਨ ਸੋਨਾਲੀਕਾ ਗਰੁੱਪ, ਵਾਈਸ ਚੇਅਰਮੈਨ ਪੰਜਾਬ ਯੋਜਨਾ ਬੋਰਡ, ਪੰਜਾਬ ਇਕੋਨੋਮਿਕ ਪਾਲਿਸੀ।

ਅੱਜਕਲ੍ਹ ਜਲਵਾਯੂ ਪਰਿਵਰਤਨ ਇਕ ਮਹੱਤਵਪੂਰਨ ਮੁੱਦਾ ਹੈ, ਜਿਸ ਦਾ ਸਾਹਮਣਾ ਸਾਰਾ ਸੰਸਾਰ ਕਰ ਰਿਹਾ ਹੈ, ਹੁਣ ਇਹ ਬਹੁਪੱਖੀ ਅਤੇ ਗੁੰਝਲਦਾਰ ਚੁਣੌਤੀ ਬਣ ਚੁੱਕਾ ਹੈ ਜਿਸ ਕਾਰਨ ਖੇਤੀਬਾੜੀ ਖੇਤਰ ਖਾਸ ਤੌਰ 'ਤੇ ਕਮਜ਼ੋਰ ਹੋ ਚੁੱਕਾ ਹੈ। ਵਾਯੂਮੰਡਲ 'ਚ ਗ੍ਰੀਨ ਹਾਊਸ ਗੈਸਾਂ ਦੀ ਨਿਕਾਸੀ ਹੋ ਰਹੀ ਹੈ, ਇਸੇ ਕਾਰਨ ਗਰਮ ਲੂ ਚੱਲ ਰਹੀ ਹੈ ਤੇ ਹੜ੍ਹਾਂ ਵਰਗੇ ਬੇਮੌਸਮੀ ਹਾਲਾਤ ਬਣ ਗਏ ਹਨ। ਜੋ ਕਿ ਫਸਲਾਂ ਦੀ ਉਤਪਾਦਕਤਾ ਅਤੇ ਕਿਸਾਨਾਂ ਦੀ ਰੋਜ਼ੀ-ਰੋਟੀ ਥੜੇ ਸਿੱਧਾ ਤੇ ਡੂੰਘਾ ਅਸਰ ਪਾ ਰਹੇ ਹਨ। ਇਹ ਹਾਲਾਤ ਵਿਸ਼ਵ ਖੁਰਾਕ ਸੁਰੱਖਿਆ ਲਈ ਇਕ ਵੱਡੇ ਖਤਰੇ ਦੇ ਰੂਪ 'ਚ ਸਾਹਮਣੇ ਆਏ ਹਨ। ਵਾਤਾਵਰਨ ਅਨੁਸਾਰ ਉਤਪਾਦਨ ਅਤੇ ਪ੍ਰੋਸੈਸਿੰਗ ਤਰੀਕਿਆਂ ਨੂੰ ਅਪਨਾ ਕੇ ਹੀ ਇਸ ਚੁਣੌਤੀ ਦਾ ਸਾਹਮਣਾ ਹੋ ਸਕਦਾ ਹੈ। ਇਲੈੱਕਟ੍ਰਿਕ ਟਰੈਕਟਰ ਭਵਿੱਖ ਦੀ ਖੇਤੀ ਲਈ ਇਸ ਦਾ ਵਧੀਆ ਬਦਲ ਸਿੱਧ ਹੋ ਰਹੇ ਹਨ। ਇਹ ਨਾ ਸਿਰਫ ਖੇਤੀ ਲਾਗਤ ਘਟਾਉਂਦੇ ਹਨ, ਬਲਕਿ ਘਾਤਕ ਗੈਸ ਦੀ ਸਿਫਰ ਨਿਕਾਸੀ ਕਰਦੇ ਹਨ। ਇਕ ਟਿਕਾਊ ਵਾਤਾਵਰਨ ਪੈਦਾ ਕਰਦੇ ਹਨ ਜੋ ਕੱਚੇ ਤੇਲ ਦੀ ਦਰਾਮਦ ਨੂੰ ਘਟਾ ਸਕਦੇ ਹਨ।



ਸਾਲਾਨਾ 10 ਲੱਖ ਤੋਂ ਵੱਧ ਟਰੈਕਟਰ ਵੇਚਣ ਵਾਲਾ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਟਰੈਕਟਰ ਨਿਰਮਾਤਾ ਦੇਸ਼ ਹੈ, ਪਰ ਦੂਜੇ ਵਾਹਨਾਂ ਦੇ ਮੁਕਾਬਲੇ ਇਲੈੱਕਟ੍ਰਿਕ ਟਰੈਕਟਰਾਂ ਨੂੰ ਘੱਟ ਅਪਨਾਇਆ ਜਾ ਰਿਹਾ ਹੈ। ਸਮਾਂ ਆ ਗਿਆ ਕਿ ਇਲੈੱਕਟ੍ਰਿਕ ਟਰੈਕਟਰਾਂ ਨੂੰ ਉਤਸ਼ਾਹਿਤ ਕੀਤਾ ਜਾਵੇ। ਇਹ ਕਿਸਾਨਾਂ ਨੂੰ ਵਾਤਾਵਰਨ ਪ੍ਰਤੀ ਜਾਗਰੂਕ ਕਰੇਗਾ ਅਤੇ ਭਾਰਤ ਨੂੰ ਇਲੈੱਕਟ੍ਰਿਕ ਟਰੈਕਟਰਾਂ ਦਾ ਸਿਰਮੌਰ ਨਿਰਯਾਤਕ ਬਣਾਵੇਗਾ। ਇਲੈੱਕਟ੍ਰਿਕ ਟਰੈਕਟਰਾਂ ਨੂੰ ਹੁੰਗਾਰਾ ਦੇਣ ਲਈ, ਦੂਜੇ ਈ.ਵੀ. ਉਤਪਾਦਨਾਂ ਨੂੰ ਦੀ ਉਤਸ਼ਾਹਿਤ ਕਰਨ ਵਾਲੀਆਂ ਨੀਤੀਆਂ ਦੀ ਸੂਚੀ 'ਚ ਸ਼ਾਮਿਲ ਕਰਨਾ ਚਾਹੀਦਾ ਹੈ।

**ਇਲੈੱਕਟ੍ਰਿਕ ਟਰੈਕਟਰਾਂ ਨੂੰ ਸਬਸਿਡੀ ਯੋਜਨਾ 'ਚ ਸ਼ਾਮਿਲ ਕੀਤਾ ਜਾਵੇ :** ਕੇਂਦਰ ਸਰਕਾਰ ਨੇ ਅਪ੍ਰੈਲ 2019-ਮਾਰਚ 2024 ਲਈ ਐਫ. ਏ. ਐਮ ਈ-2' ਨਾਂਅ ਦੀ ਇਕ ਸਬਸਿਡੀ ਯੋਜਨਾ ਲਾਗੂ ਕੀਤੀ ਸੀ, ਜਿਸ ਦਾ ਮਕਸਦ ਕਿਸਾਨਾਂ ਨੂੰ ਹਾਈਬ੍ਰਿਡ ਅਤੇ ਇਲੈੱਕਟ੍ਰਿਕ ਵਾਹਨਾਂ ਵੱਲ ਮੋੜਨਾ ਤੇ ਇਸ ਦੇ ਨਿਰਮਾਣ ਨੂੰ ਉਤਸ਼ਾਹਿਤ ਕਰਨਾ ਹੈ। ਯੋਜਨਾ 31 ਮਾਰਚ ਨੂੰ ਖਤਮ ਹੋਈ ਹੈ, ਜਿਸ ਦੌਰਾਨ 7000 ਇਲੈੱਕਟ੍ਰਿਕ ਬੱਸਾਂ, ਕਰੀਬ 5 ਲੱਖ ਇਲੈੱਕਟ੍ਰਿਕ ਥ੍ਰੀ-ਵ੍ਹੀਲਰਜ਼, 55,000 ਇਲੈੱਕਟ੍ਰਿਕ ਕਾਰਾਂ ਅਤੇ 10 ਲੱਖ ਇਲੈੱਕਟ੍ਰਿਕ ਦੋ-ਪਹੀਆ ਵਾਹਨਾਂ ਦੇ ਉਤਪਾਦਨ ਲਈ ਕੁੱਲ 10,000 ਕਰੋੜ ਰੁਪਿਆ ਖਰਚ ਕੀਤਾ ਗਿਆ ਹੈ। ਇਸ ਸਕੀਮ 'ਚ ਇਲੈੱਕਟ੍ਰਿਕ ਟਰੈਕਟਰ ਨੂੰ ਸ਼ਾਮਿਲ ਨਹੀਂ ਕੀਤਾ ਗਿਆ। ਮਤਲਬ ਇਹ ਕਿ ਇਲੈੱਕਟ੍ਰਿਕ ਟਰੈਕਟਰ ਨਿਰਮਾਤਾ ਉਤਪਾਦਨ ਦੀ ਲਾਗਤ ਨੂੰ ਕੋਈ ਜ਼ਿਆਦਾ ਨਹੀਂ ਘਟਾ ਸਕਦੇ। ਭਾਰੀ ਉਦਯੋਗ ਮੰਤਰਾਲੇ ਨੇ ਹੁਣ 'ਐਫ. ਏ. ਐਮ ਈ-3' ਯੋਜਨਾ ਬਣਾਈ ਹੈ ਇਸ 'ਤੇ 12,600 ਕਰੋੜ ਰੁਪਏ ਖਰਚ ਹੋਣੇ ਹਨ। ਯੋਜਨਾ ਲੋਕ ਸਭਾ ਚੋਣਾਂ ਤੋਂ ਬਾਅਦ ਲਾਗੂ ਹੋ ਸਕਦੀ ਹੈ। ਕਿਸਾਨਾਂ ਨੂੰ ਯੋਜਨਾ 'ਚ ਇਲੈੱਕਟ੍ਰਿਕ ਟਰੈਕਟਰ ਸ਼ਾਮਿਲ ਕੀਤੇ ਜਾਣ ਦੀ ਉਮੀਦ ਹੈ, ਜਿਸ ਨਾਲ ਟਰੈਕਟਰ ਖਰੀਦ ਖਰਚੇ 'ਚ ਕਮੀ ਆਵੇਗੀ। ਟਰੈਕਟਰ ਦੀ ਬੇਸ ਕੀਮਤ 'ਤੇ 40 ਫੀਸਦੀ ਸੀਮਿਤ ਸਬਸਿਡੀ 2.4 ਲੱਖ ਰੁਪਏ ਦੇਣ ਨਾਲ ਲਾਗਤ ਦਾ ਬੋਝ ਘਟੇਗਾ।

ਕੇਰਲ, ਤਾਮਿਲਨਾਡੂ ਅਤੇ ਮੱਧ ਪ੍ਰਦੇਸ਼ ਜਿਹੇ ਕਈ ਸੂਬੇ ਇਲੈੱਕਟ੍ਰਿਕ ਵਾਹਨਾਂ ਨੂੰ ਉਤਸ਼ਾਹਿਤ ਕਰਨ ਲਈ 50 ਤੋਂ 100 ਫੀਸਦੀ ਤੱਕ ਰੋਡ ਟੈਕਸ ਅਤੇ ਹੋਰ ਰਿਆਇਤਾਂ ਦੀ ਪੇਸ਼ਕਸ਼ ਕਰਦੇ ਹਨ। ਸਮੇਤ ਕਈ ਸੂਬੇ ਇਸੇ ਸਕੀਮ ਅਧੀਨ ਸੜਕ ਟੈਕਸ ਮੁਆਫੀ ਤੋਂ ਇਲਾਵਾ ਸਿੱਧਾ ਨਕਦ ਪ੍ਰੋਤਸਾਹਨ ਵੀ ਦਿੰਦੇ ਹਨ। ਵਾਹਨ ਦੀ ਬੈਟਰੀ ਸਮਰੱਥਾ ਦੇ ਆਧਾਰ 'ਤੇ ਪ੍ਰੋਤਸਾਹਨ ਰਾਸ਼ੀ 2500 ਤੋਂ 10000 ਰੁਪਏ ਤੱਕ ਅਤੇ ਸਬਸਿਡੀ ਹੱਦ 60000 ਰੁਪਏ ਤੋਂ 2.5 ਲੱਖ ਰੁਪਏ ਵਿਚਕਾਰ ਤੈਅ ਕੀਤੀ ਜਾਂਦੀ ਹੈ। ਹੁਣ ਪੰਜਾਬ ਅਤੇ ਹਰਿਆਣਾ ਸਰਕਾਰਾਂ ਆਪਣੀਆਂ ਈ.ਵੀ. ਨੀਤੀਆਂ ਵਿਚ ਈ-ਟਰੈਕਟਰਾਂ ਲਈ ਪ੍ਰੋਤਸਾਹਨ ਵਜੋਂ, ਐਕਸ-ਸ਼ੋਅਰੂਮ ਕੀਮਤ 'ਚ 40 ਫੀਸਦੀ ਤੱਕ ਦੀ ਛੋਟ ਦਿੰਦੀਆਂ ਹਨ। ਦੂਜੇ ਖੇਤੀਬਾੜੀ ਮੁਖੀ ਸੂਬਿਆਂ ਨੂੰ ਵੀ ਵਿਕਾਊ ਖੇਤੀਬਾੜੀ ਨੂੰ ਉਤਸ਼ਾਹਿਤ ਕਰਨ ਲਈ ਅਜਿਹਾ ਹੀ ਕਰਨਾ ਚਾਹੀਦਾ ਹੈ।

**ਟੈਕਸਾਂ ਸੰਬੰਧੀ ਤਰਕਸ਼ੀਲਤਾ :** ਟੈਕਸਾਂ ਅਤੇ ਬੀਮਾ ਫੀਸਾਂ 'ਚ ਛੋਟ ਦੇ ਕੇ, ਟੈਕਸ ਨੂੰ ਤਰਕਸੰਗਤ ਬਣਾਉਣ ਨਾਲ ਇਲੈੱਕਟ੍ਰਿਕ ਵਾਹਨਾਂ ਨੂੰ ਪ੍ਰੋਤਸਾਹਿਤ ਕੀਤਾ ਜਾ ਸਕਦਾ ਹੈ। ਸਿਫਰ ਨਿਕਾਸੀ ਮੋਟਰ ਵਾਹਨਾਂ ਵਾਲਾ ਵਿੱਤੀ ਪ੍ਰੋਤਸਾਹਨ, ਅਜਿਹੇ ਟਰੈਕਟਰਾਂ ਲਈ ਵੀ ਹੋਣਾ ਚਾਹੀਦਾ ਹੈ। ਇਲੈੱਕਟ੍ਰਿਕ ਵਾਹਨਾਂ 'ਤੇ 5 ਫੀਸਦੀ ਜੀ.ਐੱਸ ਟੀ. ਲਗਦਾ ਹੈ, ਪਰ ਈ-ਟਰੈਕਟਰ ਤੇ ਡੀਜ਼ਲ ਟਰੈਕਟਰ ਦੇ ਬਰਾਬਰ 12 ਫੀਸਦੀ ਜੀ.ਐੱਸ ਟੀ. ਲਾਇਆ ਜਾਂਦਾ ਹੈ। ਇਲੈੱਕਟ੍ਰਿਕ ਵਾਹਨਾਂ ਨੂੰ ਤੀਜੀ ਧਿਰ ਬੀਮਾ ਪ੍ਰੀਮੀਅਮ 'ਤੇ 15 ਫੀਸਦੀ ਦੀ ਛੋਟ ਮਿਲਦੀ ਹੈ, ਜਦੋਂ ਕਿ ਈ-ਟਰੈਕਟਰ ਲਈ ਇਹ ਵਿਵਸਥਾ ਨਹੀਂ ਹੈ। ਆਈ.ਸੀ. ਸੀ. ਟੀ. ਭਾਵ ਇੰਟਰਨੈਸ਼ਨਲ ਕੌਂਸਲ ਆਨ ਕਲੀਨ ਟਰਾਂਸਪੋਰਟੇਸ਼ਨ ਨੇ ਵਿਸ਼ਲੇਸ਼ਣ ਕੀਤਾ ਹੈ ਕਿ ਜੀ.ਐੱਸ.ਟੀ. ਨੂੰ 5 ਫੀਸਦੀ ਜਾਂ ਸਿਫਰ ਤੱਕ ਘੱਟ ਕਰਨ ਅਤੇ ਕਿਫਾਇਤੀ ਬੀਮਾ ਦੇਣ ਨਾਲ ਇਲੈੱਕਟ੍ਰਿਕ ਅਤੇ ਡੀਜ਼ਲ ਟਰੈਕਟਰਾਂ ਦਰਮਿਆਨ ਲਾਗਤ ਦਾ ਫਰਕ ਕਰੀਬ 40 ਫੀਸਦੀ ਤੱਕ ਘੱਟ ਜਾਵੇਗਾ।

**ਬੁਨਿਆਦੀ ਢਾਂਚੇ ਦਾ ਵਿਕਾਸ :** 2047 ਤੱਕ ਭਾਰਤ ਵਿਕਾਸ ਟੀਚਿਆਂ ਨੂੰ ਪੂਰਾ ਕਰਨ ਲਈ, ਖਾਸ ਤੌਰ 'ਤੇ ਪੇਂਡੂ ਖੇਤਰਾਂ 'ਚ ਇਲੈੱਕਟ੍ਰਿਕ ਟਰੈਕਟਰ ਚਾਰਜਿੰਗ ਵਰਗੇ ਬੁਨਿਆਦੀ ਢਾਂਚੇ 'ਤੇ ਖਰਚ ਕਰਨਾ ਚਾਹੀਦਾ ਹੈ। ਇਸ ਟੀਚੇ ਲਈ ਕਾਰਪੋਰੇਟ ਸਮਾਜਿਕ ਜ਼ਿੰਮੇਦਾਰੀ ਫੰਡ ਦਾ ਇਸਤੇਮਾਲ ਅਤੇ ਪ੍ਰੋਤਸਾਹਨ ਦੇ ਕੇ ਚਾਰਜਿੰਗ ਸਟੇਸ਼ਨ ਨੈੱਟਵਰਕ ਸਥਾਪਿਤ ਕਰਨਾ ਮਹੱਤਵਪੂਰਨ ਹੋਵੇਗਾ।

**ਕਿਸਾਨਾਂ ਲਈ ਸਹੂਲਤਾਂ :** ਇਲੈੱਕਟ੍ਰਿਕ ਟਰੈਕਟਰਾਂ ਨੂੰ ਖੇਤੀ ਮਸ਼ੀਨਰੀ ਹਾਇਰਿੰਗ ਕੇਂਦਰਾਂ ਤੱਕ ਪਹੁੰਚਾ ਕੇ ਇਸ ਦੀ ਮੰਗ ਨੂੰ ਵਧਾਇਆ ਜਾ ਸਕਦਾ ਹੈ। ਇਸ ਨਾਲ ਇਨ੍ਹਾਂ ਦੇ ਫਾਇਦਿਆਂ ਨੂੰ ਜਾਣਨ ਅਤੇ ਚਾਰਜਿੰਗ ਤੇ ਰੱਖ-ਰਖਾਅ ਦੀਆਂ ਚੁਣੌਤੀਆਂ ਨੂੰ ਘਟਾਉਣ 'ਚ ਮਦਦ ਮਿਲੇਗੀ। ਖੋਜ, ਵਿਕਾਸ, ਨਿਵੇਸ਼ ਅਤੇ ਸਿਖਲਾਈ : ਈ-ਟਰੈਕਟਰ ਤਕਨਾਲੋਜੀ 'ਚ ਖੋਜ ਅਤੇ ਵਿਕਾਸ 'ਤੇ ਖਰਚਾ ਕਰਨ ਨਾਲ ਨਵਾਂਪਣ, ਨਿਪੁੰਨਤਾ 'ਚ ਸੁਧਾਰ ਅਤੇ ਲਾਗਤ 'ਚ ਕਮੀ ਆ ਸਕਦੀ ਹੈ। ਸਰਕਾਰੀ ਏਜੰਸੀਆਂ, ਭਾਰਤੀ ਖੇਤੀਬਾੜੀ ਖੋਜ ਸੰਸਥਾ ਵਰਗੇ ਖੋਜ ਸੰਸਥਾਨਾਂ ਅਤੇ ਨਿਰਮਾਤਾਵਾਂ ਦਰਮਿਆਨ ਸਹਿਯੋਗ ਨੂੰ ਪ੍ਰੋਤਸਾਹਨ ਦੇਣ ਨਾਲ ਤਕਨੀਕੀ ਤਰੱਕੀ 'ਚ ਤੇਜ਼ੀ ਆਵੇਗੀ।

ਈ-ਟਰੈਕਟਰਾਂ ਦੇ ਪ੍ਰੀਖਣ, ਗੁਣਵੱਤਾ ਤੇ ਭਰੋਸੇ ਦੇ ਮਿਆਰ ਨੂੰ ਵਿਕਸਿਤ ਕਰਕੇ, ਸਪਲਾਈ ਦੀਆਂ ਊਣਤਾਈਆਂ ਦੂਰ ਕਰਕੇ ਨਿਰਮਾਤਾਵਾਂ ਨੂੰ ਆਕਰਸ਼ਿਤ ਕੀਤਾ ਜਾ ਸਕਦਾ ਹੈ। ਕੇਂਦਰੀ ਫਾਰਮ ਮਸ਼ੀਨਰੀ ਟਰੇਨਿੰਗ ਅਤੇ ਟੈਸਟਿੰਗ ਇੰਸਟੀਚਿਊਟ ਵਰਗੇ ਸੰਸਥਾਨ, ਬਿਜਲੀ ਉਤਪਾਦਨ ਡਿਜ਼ਾਇਨ ਦੇ ਆਧਾਰ 'ਤੇ ਭਿੰਨ-ਭਿੰਨ ਟਰੈਕਟਰਾਂ ਦੇ ਨਿਰਮਾਣ, ਸੰਚਾਲਨ ਅਤੇ ਪ੍ਰਦਰਸ਼ਨ ਦੇ ਮਿਆਰ ਤੈਅ ਕਰ ਸਕਦੇ ਹਨ। ਅਜਿਹੇ ਟਰੈਕਟਰ ਦਾ ਸੰਚਾਲਨ, ਰੱਖ-ਰਖਾਅ ਅਤੇ ਮੁਰੰਮਤ ਲਈ ਕਿਸਾਨਾਂ, ਤਕਨੀਸ਼ੀਅਨਾਂ ਅਤੇ ਸੇਵਾ ਦੇਣ ਵਾਲਿਆਂ ਲਈ ਸਿਖਲਾਈ ਦੀ ਪਹਿਲਕਦਮੀ ਮਹੱਤਵਪੂਰਨ ਹੁੰਦੀ ਹੈ। ਲੋੜੀਂਦੇ ਗਿਆਨ ਨਾਲ ਮਾਹਿਰ ਹਿੱਸੇਦਾਰਾਂ ਨੂੰ ਤਾਕਤ ਦੇ ਕੇ ਇਲੈੱਕਟ੍ਰਿਕ ਟਰੈਕਟਰਾਂ 'ਚ ਤਬਦੀਲੀ ਦੀ ਸਹੂਲਤ ਮਿਲੇਗੀ।

**ਗ੍ਰੀਨਹਾਊਸ ਗੈਸਾਂ ਦੀ ਨਿਕਾਸੀ :** ਵਾਤਾਵਰਨ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ ਵਲੋਂ ਕੀਤੇ ਗਏ ਇਕ ਅਧਿਐਨ ਤੋਂ ਪਤਾ ਲੱਗਿਆ ਹੈ ਕਿ ਭਾਰਤ ਦਾ ਖੇਤੀਬਾੜੀ ਖੇਤਰ, ਦੇਸ਼ ਦੀਆਂ ਕਰੀਬ 14 ਫੀਸਦੀ ਗ੍ਰੀਨਹਾਊਸ ਗੈਸਾਂ ਦੀ ਨਿਕਾਸੀ ਲਈ ਜ਼ਿੰਮੇਵਾਰ ਹੈ ਅਤੇ ਇਸ 'ਚ ਡੀਜ਼ਲ ਨਾਲ ਚੱਲਣ ਵਾਲੀ ਮਸ਼ੀਨਰੀ ਦੀ ਭੂਮਿਕਾ ਖਾਸ ਹੈ। ਯਕੀਨਨ ਇਲੈੱਕਟ੍ਰਿਕ ਟਰੈਕਟਰਾਂ ਅਜਿਹੀਆਂ ਚੁਣੌਤੀਆਂ ਦਾ ਹੱਲ ਹੋ ਸਕਦੇ ਹਨ। ਮੌਜੂਦਾ ਦੌਰ 'ਚ ਭਾਰਤ ਦੇ ਜ਼ਿਆਦਾਤਰ ਟਰੈਕਟਰ ਡੀਜ਼ਲ ਨਾਲ ਹੀ ਚੱਲਦੇ ਹਨ ਜੋ ਕਿ ਦੇਸ਼ ਦੇ ਡੀਜ਼ਲ ਦੀ ਕੁੱਲ ਖਪਤ ਦਾ 7.4 ਫੀਸਦੀ ਹਿੱਸਾ ਗਟਕ ਜਾਂਦੇ ਹਨ ਅਤੇ ਇਹ ਬੱਸਾਂ ਵਲੋਂ ਕੀਤੀ ਗਈ ਖਪਤ ਮਾਤਰਾ ਦੇ ਲਗਭਗ ਬਰਾਬਰ ਹੀ ਹੈ। ਬੱਸਾਂ ਦੇ ਬਿਜਲੀਕਰਨ ਨੂੰ ਉਤਸ਼ਾਹਿਤ ਕਰਨ ਲਈ ਤਾਂ ਸਰਕਾਰ ਪ੍ਰੋਤਸਾਹਨ ਦਿੰਦੀ ਹੈ ਪਰ ਟਰੈਕਟਰਾਂ ਲਈ ਅਜਿਹਾ ਕੋਈ ਪ੍ਰੋਤਸਾਹਨ ਨਹੀਂ ਦਿੱਤਾ ਜਾਂਦਾ।

ਆਰੰਭ 'ਚ ਇਲੈੱਕਟ੍ਰਿਕ ਟਰੈਕਟਰਾਂ ਨੂੰ ਅਪਨਾਉਣ ਲਈ, ਸ਼ੁਰੂਆਤੀ ਲਾਗਤ, ਬੁਨਿਆਦੀ ਢਾਂਚਾ ਵਿਕਾਸ ਅਤੇ ਕਿਸਾਨਾਂ ਨੂੰ ਇਨ੍ਹਾਂ ਦੀ ਵਰਤੋਂ ਲਈ ਉਤਸ਼ਾਹਿਤ ਕਰਨ ਸਮੇਂ ਕੁਝ ਚੁਣੌਤੀਆਂ ਵੀ ਸਾਹਮਣੇ ਆਉਣਗੀਆਂ। ਡੀਜ਼ਲ ਨਾਲ ਚੱਲਣ ਵਾਲੀ ਮਸ਼ੀਨਰੀ, ਖਾਸ ਤੌਰ 'ਤੇ ਟਰੈਕਟਰ, ਖੇਤੀਬਾੜੀ ਉਤਪਾਦਨ ਲਾਗਤ ਦਾ ਲਗਭਗ 12-15 ਫੀਸਦੀ ਹਿੱਸਾ ਖਾ ਜਾਂਦੇ ਹਨ। ਪ੍ਰੰਤੂ ਇਲੈੱਕਟ੍ਰਿਕ ਟਰੈਕਟਰਾਂ ਦੇ ਲਾਭ ਵੀ ਹਨ, ਜਿਵੇਂ ਕਿ ਜ਼ੀਰੋ-ਨਿਕਾਸ, ਘੱਟ ਹਿੱਸੇ ਪੁਰਜ਼ੇ ਹੋਣ ਕਾਰਨ ਇਸ ਦੇ ਰੱਖ-ਰਖਾਅ ਤੇ ਬਾਲਣ ਦੇ ਖਰਚਿਆਂ 'ਚ ਕਮੀ ਆਦਿ ਦਾ ਹੋਣਾ। ਭਾਰਤੀ ਖੇਤੀ ਖੋਜ ਸੰਸਥਾਨ ਦੇ ਅਧਿਐਨ ਮੁਤਾਬਿਕ ਇਲੈੱਕਟ੍ਰਿਕ ਟਰੈਕਟਰ ਜ਼ਿਆਦਾ ਭਰੋਸੇਮੰਦ ਹੈ ਜੋ ਲਾਗਤ-ਪ੍ਰਭਾਵੀ ਤੋੜ ਪ੍ਰਦਾਨ ਕਰਦਾ ਹੈ, ਈ-ਟਰੈਕਟਰ ਦੇ ਰੱਖ-ਰਖਾਅ ਦੇ ਉਮਰ ਭਰ ਦੇ ਖਰਚੇ ਨੂੰ 40 ਫੀਸਦੀ ਤੱਕ ਘਟਾਇਆ ਜਾ ਸਕਦਾ ਹੈ।

**ਅੱਗੇ ਦਾ ਰਾਹ :** 'ਭਾਰਤ ਦੇ ਟਰੈਕਟਰ ਨਿਰਮਾਤਾਵਾਂ ਨੇ ਉੱਨਤ ਤਕਨੀਕ ਵਿਕਸਿਤ ਕੀਤੀ ਹੈ ਤੇ ਇਲੈੱਕਟ੍ਰਿਕ ਟਰੈਕਟਰਾਂ ਨਿਰਮਾਣ 'ਚ ਪ੍ਰੋਤਸਾਹਨਾਂ ਤੋਂ ਕਿਤੇ ਅੱਗੇ ਨਿਕਲ ਗਏ ਹਨ। ਇਸ ਦੀ ਪਹਿਲੀ ਚੁਣੌਤੀ ਲਾਗਤ ਹੈ। ਸਿਫਰ ਨਿਕਾਸੀ ਵਾਲੇ ਇਲੈੱਕਟ੍ਰਿਕ ਟਰੈਕਟਰਾਂ ਦੀ ਸੜਕ 'ਤੇ ਪੁੱਜਣ ਤੱਕ ਦੀ ਕੀਮਤ ਡੀਜ਼ਲ ਟਰੈਕਟਰਾਂ ਦੇ ਮੁਕਾਬਲੇ 40 ਤੋਂ 50 ਫੀਸਦੀ ਜ਼ਿਆਦਾ ਹੈ। ਇਹੋ ਕੀਮਤ ਕਿਸਾਨਾਂ ਦਾ ਹੌਸਲਾ ਤੋੜਦੀ ਹੈ, ਖੇਤ 'ਚ ਇਸਤੇਮਾਲ ਕਰਨ ਸਮੇਂ ਇਲੈੱਕਟ੍ਰਿਕ ਟਰੈਕਟਰ ਲਾਗਤ ਪ੍ਰਭਾਵੀ ਹੁੰਦੇ ਹਨ। ਈ-ਟਰੈਕਟਰ ਅਤੇ ਡੀਜ਼ਲ ਨਾਲ ਚੱਲਣ ਵਾਲੇ ਟਰੈਕਟਰਾਂ ਦਰਮਿਆਨ ਲਾਗਤ ਦੇ ਪਾੜੇ ਨੂੰ ਪੂਰਨ ਲਈ ਬਾਜ਼ਾਰ ਦੇ ਸ਼ੁਰੂਆਤੀ ਮਰਹਲੇ 'ਚ ਸਰਕਾਰ ਵਲੋਂ ਤਤਕਾਲ ਸਹਿਯੋਗ ਦੀ ਲੋੜ ਹੈ।

ਕੇਂਦਰੀ ਅਤੇ ਸੂਬਾ ਪੱਧਰੀ ਪ੍ਰੋਤਸਾਹਨ, ਉਦਯੋਗ ਨੂੰ ਸਿਫਰ ਨਿਕਾਸੀ ਟਰੈਕਟਰਾਂ 'ਚ ਜ਼ਿਆਦਾ ਨਿਵੇਸ਼ ਕਰਨ ਲਈ ਹਾਂ-ਪੱਖੀ ਸੁਨੇਹਾ ਭੇਜਣਗੇ। ਇਸ ਤੋਂ ਇਲਾਵਾ ਇਹ ਹਵਾ ਦੀ ਗੁਣਵੱਤਾ ਅਤੇ ਊਰਜਾ ਸੁਰੱਖਿਆ 'ਚ ਸੁਧਾਰ ਦੇ ਪੱਖ ਤੋਂ ਭਾਰਤ ਦੇ ਟੀਚੇ ਮੁਤਾਬਿਕ ਹਨ ਅਤੇ ਇਸ 'ਚ ਭਾਰਤ ਦੀ ਟਰੈਕਟਰ ਬਰਾਮਦਗੀ ਨੂੰ ਹੁਲਾਰਾ ਦੇਣ ਦੀ ਤਾਕਤ ਹੈ। ਅਮਰੀਕਾ, ਯੂਰਪ, ਜਪਾਨ ਅਤੇ ਕੈਨੇਡਾ ਵਰਗੇ ਦੇਸ਼ਾਂ ਨੇ ਟਰੈਕਟਰ ਦੀ ਗੈਸ ਨਿਕਾਸੀ ਲਈ ਸਖਤ ਨਿਯਮ ਲਾਗੂ ਕੀਤੇ ਹਨ ਅਤੇ ਖੇਤੀ ਮਸ਼ੀਨਰੀ ਦੀ ਡੀ-ਕਾਰਬੋਨਾਈਜ਼ਿੰਗ ਕਰਨ 'ਚ ਦਿਲਚਸਪੀ ਵਿਖਾਈ ਹੈ। ਸੰਸਾਰ ਪੱਧਰੀ ਈ-ਟਰੈਕਟਰ ਬਾਜ਼ਾਰ ਦਾ ਆਕਾਰ 2024 'ਚ 0.7 ਬਿਲੀਅਨ ਅਮਰੀਕੀ ਡਾਲਰ ਤੋਂ ਵਧ ਕੇ 2030 'ਚ 3.4 ਬਿਲੀਅਨ ਤੱਕ ਹੋ ਜਾਣਾ ਹੈ, ਜੋ ਕਿ ਭਾਰਤ ਨੂੰ ਆਪਣੀ ਨਿਰਮਾਣ ਸਮਰੱਥਾ ਦਾ ਲਾਹਾ ਲੈਣ ਦਾ ਇਕ ਰਣਨੀਤਕ ਮੌਕਾ ਮੁਹੱਈਆ ਕਰਵਾਏਗਾ। ਇਹ ਆਪਣੀ ਆਰਥਿਕ ਮੁਕਾਬਲੇਬਾਜ਼ੀ ਨੂੰ ਵਧਾ ਸਕਦਾ ਹੈ, ਸ਼ੁੱਧ ਸਿਫਰ ਨਿਕਾਸੀ/ਉਤਸਰਜਣ ਹਾਸਲ ਕਰਨ 'ਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ, ਪੇਂਡੂ ਆਰਥਿਕਤਾ ਨੂੰ ਮਜ਼ਬੂਤ ਕਰ ਸਕਦਾ ਹੈ ਅਤੇ ਇਕ ਟਿਕਾਊ ਤੇ ਲਚੀਲੇ ਖੇਤੀ ਭਵਿੱਖ ਨੂੰ ਇਕ ਵੱਡਾ ਆਕਾਰ ਦੇ ਸਕਦਾ ਹੈ।

### ਵੱਧ ਝਾੜ ਲਈ

# ਗਰਮ ਰੁੱਤ ਦੀਆਂ ਸਬਜ਼ੀਆਂ ਨੂੰ ਕੀੜਿਆਂ ਤੋਂ ਬਚਾਓ

ਹਰਪਾਲ ਸਿੰਘ ਭੁੱਲਰ, ਰਾਕੇਸ਼ ਕੁਮਾਰ ਸ਼ਰਮਾ ਅਤੇ ਇੰਦਰਾ ਦੇਵੀ,
ਸਬਜ਼ੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 96566-62522

**ਕੀੜਿਆਂ ਦਾ ਸਫਲ ਪ੍ਰਬੰਧਨ ਝਾੜ ਨੂੰ ਵਧਾਉਂਦਾ ਹੈ ਅਤੇ ਨਾਲ ਹੀ ਉਤਪਾਦਾਂ ਦੀ ਗੁਣਵੱਤਾ ਵਿਚ ਵੀ ਸੁਧਾਰ ਕਰਦਾ ਹੈ । ਇਸ ਲੇਖ ਵਿਚ ਸਬਜ਼ੀਆਂ ਦੇ ਮੁੱਖ ਕੀੜਿਆਂ ਦੀ ਜਾਂਚ ਅਤੇ ਪ੍ਰਬੰਧਨ ਬਾਰੇ ਦੱਸਿਆ ਗਿਆ ਹੈ ।**

## ਕੀੜੇ

**ਭਿੰਡੀ :**

1. **ਜੈਸਿਡ (ਤੇਲਾ)** : ਜੈਸਿਡ ਹਰੇ ਰੰਗ ਦਾ ਛੋਟਾ ਜਿਹਾ ਇਕ ਕੀੜਾ ਹੁੰਦਾ ਹੈ, ਜੋ ਪੱਤਿਆਂ ਦਾ ਰਸ ਚੂਸਦਾ ਹੈ । ਭਿੰਡੀ ਦੀ ਫਸਲ ਤੇ ਤੇਲਾ ਮਈ ਤੋਂ ਸਤੰਬਰ ਤੱਕ ਹਮਲਾ ਕਰਦਾ ਹੈ । ਤੇਲੇ ਦੇ ਹਮਲੇ ਕਾਰਨ ਪੱਤੇ ਦੇ ਕਿਨਾਰਿਆਂ ਦਾ ਰੰਗ ਪੀਲਾ ਹੋ ਜਾਂਦਾ ਹੈ ਅਤੇ ਪੱਤੇ ਉੱਪਰ ਵੱਲ ਮੁੜ ਕੇ ਠੂਠੀ ਬਣ ਜਾਂਦੇ ਹਨ ਅਤੇ ਫਿਰ ਸੁੱਕ ਕੇ ਝੜ ਜਾਂਦੇ ਹਨ ।

**ਰੋਕਥਾਮ** : ★ ਛਿੜਕਾਅ ਕਰਨ ਤੋਂ ਪਹਿਲਾਂ ਸਾਰੇ ਫਲ ਤੋੜ ਲਉ ।

★ ਭਿੰਡੀ ਤੇ ਜੈਸਿਡ (ਤੇਲੇ) ਦੀ ਰੋਕਥਾਮ ਲਈ ਘੱਟੋ ਘੱਟ ਪੱਧਰ ਦੇ



ਆਧਾਰ 'ਤੇ ਛਿੜਕਾਅ ਕਰੋ । ਇਹ ਦੇਖਣ ਲਈ ਖੇਤ ਨੂੰ 4 ਹਿੱਸਿਆਂ ਵਿਚ ਵੰਡੋ ਅਤੇ ਇਨ੍ਹਾਂ ਵਿੱਚੋਂ 10 ਬੂਟਿਆਂ ਦੇ ਉੱਪਰਲੇ, ਵਿਚਕਾਰਲੇ ਅਤੇ ਹੇਠਲੇ ਹਿੱਸੇ ਵਿਚ 3 ਪੱਤਿਆਂ ਤੋਂ ਇਸ ਦੀ ਗਿਣਤੀ ਕਰੋ । ਜੇਕਰ ਜੈਸਿਡ (ਤੇਲੇ) ਦੀ ਗਿਣਤੀ ਪ੍ਰਤੀ ਪੱਤੇ ਤੇ 4 ਬੱਚੇ ਹੋ ਜਾਵੇ ਤਾਂ 80 ਮਿਲੀਲਿਟਰ ਇਕੋਟਿਨ 5% ਨਿੰਮ ਅਧਾਰਿਤ ਕੀਟਨਾਸ਼ਕ) ਜਾਂ 2000 ਮਿਲੀਲਿਟਰ *ਪੀ.ਏ.ਯੂ. ਨਿੰਮ ਦਾ ਘੋਲ ਜਾਂ 40 ਮਿਲੀਲਿਟਰ ਕੌਨਫੀਡੋਰ 17.8 ਐਸ ਐਸ (ਇਮੀਡਾਕਲੋਪਿਰਡ) ਜਾਂ 40 ਗ੍ਰਾਮ ਐਕਟਾਰਾ 25 ਡਬਲਯੂ ਜੀ (ਥਾਇਆ ਮੈਥੋਕਸਮ) ਜਾਂ 560 ਮਿਲੀਲਿਟਰ ਮੈਲਾਥਿਆਨ 50 ਈ ਸੀ ਜਾਂ 100 ਮਿਲੀਲਿਟਰ ਸੁਮੀਸੀਡਿਨ 20 ਈ ਸੀ (ਫੈਨਵੈਲਰੇਟ) ਜਾਂ 250 ਮਿਲੀਲਿਟਰ ਰੋਗਰ 30 ਈ ਸੀ (ਡਾਈਮੈਥੋਏਟ) ਦਾ ਛਿੜਕਾਅ 100-125 ਲਿਟਰ ਪਾਣੀ ਵਿਚ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ । ਲੋੜ ਪੈਣ ਤੇ 15 ਦਿਨਾਂ ਦੇ ਫਰਕ ਨਾਲ ਦੁਬਾਰਾ ਛਿੜਕਾਅ ਕਰੋ ।

★ ਕੌਨਫੀਡੋਰ ਜਾਂ ਐਕਟਾਰਾ ਦੇ ਛਿੜਕਾਅ ਤੋਂ ਇੱਕ ਦਿਨ ਤੱਕ ਫਲ ਨਾ ਤੋੜੋ ।

2. **ਚਿਤਕਬਰੀ ਸੁੰਡੀ** : ਚਿਤਕਬਰੀ ਸੁੰਡੀ ਭਿੰਡੀ ਦੇ ਤਣਿਆਂ ਅਤੇ ਫਲੀਆਂ ਵਿੱਚ ਛੇਦ ਕਰਕੇ ਨੁਕਸਾਨ ਪਹੁੰਚਾਉਂਦੀ ਹੈ । ਇਸ ਦੇ ਹਮਲੇ ਦੇ ਨਾਲ ਫਲ ਕਾਣੇ ਹੋ ਜਾਂਦੇ ਹਨ ਜਿਸ ਕਾਰਨ ਇਹ ਫਲ ਖਾਣਯੋਗ ਨਹੀਂ ਰਹਿੰਦੇ ।

**ਰੋਕਥਾਮ** : ★ ਛਿੜਕਾਅ ਕਰਨ ਤੋਂ ਪਹਿਲਾਂ ਸਾਰੇ ਫਲ ਤੋੜ ਲਉ ।

★ ਮੁਢੀ ਕਪਾਹ ਅਤੇ ਹੋਲੀਹੌਕ ਦੇ ਉੱਗੇ ਬੂਟੇ ਪੁੱਟ ਦਿਓ ਕਿਉਂਕਿ ਫਲ ਛੇਦਕ ਵਾਲੇ ਕੀੜੇ ਇਸ ਬੂਟੇ ਤੇ ਪਲਦੇ ਹਨ ।

★ ਹਮਲੇ ਵਾਲੇ ਫਲ ਲਗਾਤਾਰ ਤੋੜ ਕੇ ਜ਼ਮੀਨ ਵਿਚ ਡੂੰਘੇ ਨੱਪ ਦਿਓ ।

★ ਚਿਤਕਬਰੀ ਸੁੰਡੀ ਦੀ ਰੋਕਥਾਮ ਲਈ ਆਰਥਿਕ ਕਗਾਰ ਦੇ ਆਧਾਰ ਤੇ ਛਿੜਕਾਅ ਕਰੋ । ਇਹ ਦੇਖਣ ਲਈ ਖੇਤ ਨੂੰ 4 ਹਿੱਸਿਆਂ ਵਿੱਚ ਵੰਡੋ ਅਤੇ ਇਨ੍ਹਾਂ ਵਿੱਚੋਂ 10 ਬੂਟਿਆਂ ਤੋਂ ਕਾਣੇ ਫਲਾਂ ਦੀ ਗਿਣਤੀ ਕਰੋ । ਅਗਰ ਅਜਿਹੇ ਫਲਾਂ ਦੀ ਗਿਣਤੀ 1 ਪ੍ਰਤੀਸ਼ਤ ਤੋਂ ਵੱਧ ਹੋਵੇ ਤਾਂ 50 ਮਿਲੀਲਿਟਰ ਕੋਰਾਜ਼ਨ 18.5 ਐਸ ਸੀ (ਕਲੋਰਐਂਟਰਾਨੀਲੀਪਰੋਲ) ਜਾਂ 200 ਮਿਲੀਲਿਟਰ ਸੁਮੀਪਲੀਓ 10 ਈ ਸੀ (ਪਰਿਡਾਲਾਈਲ) ਜਾਂ 70 ਗ੍ਰਾਮ ਪ੍ਰੋਕਲੇਮ 5 ਐਸ ਜੀ (ਐਮਾਮੈਕਟਿਨ ਬੈਂਜ਼ੋਏਟ) ਜਾਂ 100 ਮਿਲੀਲਿਟਰ ਸੁਮੀਸੀਡਿਨ 20 ਈ ਸੀ (ਫੈਨਵੈਲਰੇਟ) ਜਾਂ 80 ਮਿਲੀਲਿਟਰ ਸਿੰਬੁਸ਼ 25 ਈ ਸੀ (ਸਾਈਪਰਮੈਥਰਿਨ) ਦਾ ਛਿੜਕਾਅ 100-125 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਕਰੋ ।

★ ਕੋਰਾਜ਼ਨ ਦੇ ਛਿੜਕਾਅ ਤੋਂ ਇਕ ਦਿਨ ਤੱਕ ਫਲ ਨਾ ਤੋੜੋ ।

3. **ਚਿੱਟੀ ਮੱਖੀ** : ਚਿੱਟੀ ਮੱਖੀ ਦੇ ਬਾਲਗ ਅਤੇ ਬੱਚੇ ਭਿੰਡੀ ਦੇ ਪੱਤਿਆਂ ਦਾ ਰਸ ਚੂਸਦੇ ਹਨ ਅਤੇ ਪੱਤਿਆਂ ਉੱਤੇ ਸ਼ਹਿਦ ਦੇ ਤੁਪਕਿਆਂ ਵਰਗਾ ਮਲ ਕੱਢਦੇ ਹਨ ਜੋ ਚਿਪਚਿਪਾ ਜਿਹਾ ਹੁੰਦਾ ਹੈ । ਇਸ ਨਾਲ ਪੱਤਿਆਂ ਉੱਪਰ ਉੱਲੀ ਪੈਦਾ ਹੋ ਜਾਂਦੀ ਹੈ ਤੇ ਇਹ ਕਾਲੇ ਰੰਗ ਦੇ ਹੋ ਜਾਂਦੇ ਹਨ । ਚਿੱਟੀ ਮੱਖੀ ਭਿੰਡੀ ਵਿਚ ਵਿਸ਼ਾਣੂੰ ਰੋਗ ਵੀ ਫੈਲਾਉਂਦੀ ਹੈ ।

**ਰੋਕਥਾਮ** :

★ ਚਿੱਟੀ ਮੱਖੀ ਦੇ ਫੈਲਾਅ ਨੂੰ ਰੋਕਣ ਲਈ ਖਾਲੀ ਥਾਵਾਂ, ਸੜਕਾਂ ਦੇ ਕਿਨਾਰਿਆਂ ਅਤੇ ਖਾਲਿਆਂ ਦੀਆਂ ਵੱਟਾਂ ਅਤੇ ਬੇਕਾਰ ਪਈ ਜ਼ਮੀਨ ਵਿੱਚੋਂ ਚਿੱਟੀ ਮੱਖੀ ਦੇ ਬਦਲਵੇਂ ਨਦੀਨਾਂ ਨੂੰ ਨਸ਼ਟ ਕਰੋ ।

★ ਭਿੰਡੀ ਅਤੇ ਹੋਰ ਫਸਲਾਂ ਉੱਪਰ ਚਿੱਟੀ ਮੱਖੀ ਦੇ ਹਮਲੇ ਦਾ ਲਗਾਤਾਰ ਸਰਵੇਖਣ ਕਰਦੇ ਰਹੋ ।

★ ਚਿੱਟੀ ਮੱਖੀ ਦੇ ਵਾਧੇ ਨੂੰ ਰੋਕਣ ਲਈ ਸਿੰਥੈਟਿਕ ਪਰਿਥਰਾਇਡ ਕੀਟਨਾਸ਼ਕਾਂ ਦੀ ਵਰਤੋਂ ਬਿਲਕੁਲ ਨਾ ਕਰੋ ।

★ ਛਿੜਕਾਅ ਕਰਨ ਤੋਂ ਪਹਿਲਾਂ ਤਿਆਰ/ਪੱਕੇ ਫਲ ਤੋੜ ਲਓ ।

★ ਇਸ ਦੀ ਰੋਕਥਾਮ ਲਈ 80 ਮਿਲੀਲਿਟਰ ਇਕੋਟਿਨ 5% (ਨਿੰਮ ਅਧਾਰਿਤ ਕੀਟਨਾਸ਼ਕ) ਜਾਂ 2000 ਮਿਲੀਲਿਟਰ *ਪੀ.ਏ.ਯੂ. ਨਿੰਮ ਦਾ ਘੋਲ ਦਾ ਛਿੜਕਾਅ 100-125 ਲਿਟਰ ਪਾਣੀ ਵਿਚ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ ।

4. **ਲਾਲ ਮਕੌੜਾ ਜੂੰ** : ਮਕੌੜਾ ਜੂੰ ਪੱਤਿਆਂ ਦੇ ਹਮਲਾ ਕਰਦੀ ਹੈ ਅਤੇ ਰਸ ਚੂਸਦੀ ਹੈ । ਸ਼ੁਰੂ ਵਿਚ ਪੱਤਿਆਂ ਤੇ ਚਿੱਟੇ ਬਰੀਕ ਧੱਬੇ ਜਿਹੇ ਪੈ ਜਾਂਦੇ ਹਨ ਮਗਰੋਂ ਪੱਤਿਆਂ ਤੇ ਜਾਲੇ ਬਣ ਜਾਂਦੇ ਹਨ ਜਿਨ੍ਹਾਂ ਤੇ ਧੂੜ ਜੰਮ ਜਾਂਦੀ ਹੈ ਪੱਤੇ ਝੜ ਜਾਂਦੇ ਹਨ ।

**ਰੋਕਥਾਮ** : ★ ਇਸ ਦੀ ਰੋਕਥਾਮ ਲਈ 1600 ਮਿਲੀਲਿਟਰ ਧਰੇਕ ਦਾ ਘੋਲ ਜਾਂ 150 ਮਿਲੀਲਿਟਰ ਓਬਰੇਨ 22.9 ਐਸ ਸੀ (ਸਪਾਈਰੋਮੈਸੀਫਿਨ) ਦਾ ਛਿੜਕਾਅ 100 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ ।

**ਬੈਂਗਣ :**

1. **ਜੈਸਿਡ (ਤੇਲਾ), ਹੱਡਾ ਭੂੰਡੀ, ਫਲਾਂ ਅਤੇ ਲਗਰਾਂ ਵਿਚ ਮੋਰੀ ਕਰਨ ਵਾਲੀ ਸੁੰਡੀ** : ਇਹ ਕੀੜੇ ਮਈ ਤੋਂ ਸਤੰਬਰ ਤੱਕ ਹਮਲਾ ਕਰਦੇ ਹਨ । ਜੈਸਿਡ ਦੇ ਹਮਲੇ ਕਾਰਨ ਪੱਤੇ ਪਹਿਲਾਂ



ਪੀਲੇ ਤੇ ਪਿਛੋਂ ਤਾਂਬੇ ਰੰਗ ਦੇ ਹੋ ਕੇ ਝੜ ਜਾਂਦੇ ਹਨ । ਬੱਚੇ ਅਤੇ ਬਾਲਗ ਹਰੇ ਰੰਗ ਦੇ ਕੀੜੇ ਬਹੁਤ ਗਿਣਤੀ ਵਿਚ ਪੱਤਿਆਂ ਦੇ ਹੇਠਾਂ ਨਜ਼ਰ ਆਉਂਦੇ ਹਨ । ਹੱਡਾ ਭੂੰਡੀ ਅਤੇ ਇਸ ਦੀਆਂ ਸੁੰਡੀਆਂ ਵੀ ਪੱਤਿਆਂ ਨੂੰ ਖਾਂਦੀਆਂ ਹਨ । ਜਿਨ੍ਹਾਂ ਲਗਰਾਂ ਵਿਚ ਸੁੰਡੀ ਦਾ ਹਮਲਾ ਹੋਇਆ ਹੋਵੇ ਉਹ ਮੁਰਝਾ ਕੇ ਡਿੱਗ ਪੈਂਦੀਆਂ ਹਨ ਜਾਂ ਝੁੱਕ ਜਾਂਦੀਆਂ ਹਨ ਅਤੇ ਫਲ ਕਾਣੇ ਹੋ ਜਾਂਦੇ ਹਨ ।

**ਰੋਕਥਾਮ** : ★ ਕਾਣੇ ਫਲ ਤੋੜ ਕੇ ਜ਼ਮੀਨ ਵਿਚ ਦਬਾ ਦਿਓ ।

★ ਬੈਂਗਣਾਂ ਦੀ ਮੋਢੀ ਫਸਲ ਨਾ ਰੱਖੋ ।

★ ਛਿੜਕਾਅ ਕਰਨ ਤੋਂ ਪਹਿਲਾਂ ਪੱਕੇ ਫਲ ਤੋੜ ਲਵੋ ।

★ ਬੈਂਗਣ ਦੇ ਫਲ ਅਤੇ ਲਗਰਾਂ ਵਿਚ ਮੋਰੀਆਂ ਕਰਨ ਵਾਲੀ ਸੁੰਡੀ ਦੀ ਰੋਕਥਾਮ ਲਈ, ਜਿਉਂ ਹੀ ਕੀੜੇ ਦਾ ਹਮਲਾ ਹੋਵੇ ਤਾਂ 80 ਮਿਲੀਲਿਟਰ ਕੋਰਾਜ਼ਨ 18.5 ਐਸ ਸੀ (ਕਲੋਰਐਂਟਰਾਨੀਲੀਪਰੋਲ) ਜਾਂ 80 ਗ੍ਰਾਮ ਪ੍ਰੋਕਲੇਮ 5 ਐਸ ਜੀ (ਐਮਾਮੈਕਟਿਨ ਬੈਂਜ਼ੋਏਟ) ਜਾਂ 100 ਮਿਲੀਲਿਟਰ ਸੁਮੀਸੀਡਿਨ 20 ਈ ਸੀ (ਫੈਨਵੈਲਰੇਟ) ਜਾਂ 200 ਮਿਲੀਲਿਟਰ ਰਿਪਕਾਰਡ 10 ਈ ਸੀ (ਸਾਈਪਰਮੈਥਰਿਨ) ਜਾਂ 160 ਮਿਲੀਲਿਟਰ ਡੇਸਿਸ 2.8 ਈ ਸੀ (ਡੈਲਟਾਮੈਥਰਿਨ) ਨੂੰ 100-125 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ 3-4 ਵਾਰੀ 14 ਦਿਨਾਂ ਦੇ ਵਕਫੇ ਨਾਲ ਛਿੜਕੋ ।

★ ਪ੍ਰੋਕਲੇਮ ਦੇ ਛਿੜਕਾਅ ਤੋਂ ਬਾਅਦ 7 ਦਿਨ ਤੱਕ ਫਲ ਨਾ ਤੋੜੋ ।

★ ਬੈਂਗਣ ਦੀ ਲਗਰ ਅਤੇ ਫਲ ਛੇਦਕ ਸੁੰਡੀ ਦੀ ਰੋਕਥਾਮ ਲਈ ਕੀਟਨਾਸ਼ਕਾਂ ਦੇ ਗਰੁੱਪਾਂ ਨੂੰ ਅਦਲ ਬਦਲ ਕੇ ਵਰਤਣਾ ਚਾਹੀਦਾ ਹੈ ।

2. **ਮਕੌੜਾ ਜੂੰ** : ਮਕੌੜਾ ਜੂੰ ਦਾ ਹਮਲਾ ਗਰਮ ਅਤੇ ਖੁਸ਼ਕ ਮੌਸਮ (ਅਪ੍ਰੈਲ ਤੋਂ ਜੂਨ) ਵਿਚ ਜ਼ਿਆਦਾ ਹੁੰਦਾ ਹੈ । ਸ਼ੁਰੂ ਵਿਚ ਪੱਤਿਆਂ ਤੇ ਚਿੱਟੇ ਬਰੀਕ ਧੱਬੇ ਜਿਹੇ ਪੈ ਜਾਂਦੇ ਹਨ, ਮਗਰੋਂ ਪੱਤਿਆਂ ਤੇ ਜਾਲੇ ਬਣ ਜਾਂਦੇ ਹਨ ਜਿਨ੍ਹਾਂ ਤੇ ਧੂਮ ਜੰਮ ਜਾਂਦੀ ਹੈ ਅਤੇ ਪੱਤੇ ਝੜ ਜਾਂਦੇ ਹਨ ।

**ਰੋਕਥਾਮ** : ★ ਅਪ੍ਰੈਲ ਤੋਂ ਜੂਨ



ਦੌਰਾਨ ਥੋੜੇ-ਥੋੜੇ ਸਮੇਂ ਬਾਅਦ ਸਿੰਚਾਈ ਕਰਦੇ ਰਹੋ ਅਤੇ ਔੜ ਨਾ ਲੱਗਣ ਦਿਓ ।

★ ਬੈਂਗਣਾਂ ਦੀ ਮੋਢੀ ਫਸਲ ਨਾ ਰੱਖੋ ।

★ ਇਸ ਦੀ ਰੋਕਥਾਮ ਲਈ 300 ਮਿਲੀਲਿਟਰ ਉਮਾਈਟ 57 ਈ ਸੀ ਨੂੰ 100-150 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ ।

3. **ਚਿੱਟੀ ਮੱਖੀ** : ਬੈਂਗਣਾਂ ਵਿਚ ਚਿੱਟੀ ਮੱਖੀ ਦੇ ਬਾਲਗ ਅਤੇ ਬੱਚੇ ਭਿੰਡੀ ਵਾਂਗ ਹੀ ਨੁਕਸਾਨ ਕਰਦੇ ਹਨ ।

**ਰੋਕਥਾਮ** : ★ ਇਸ ਦੀ ਰੋਕਥਾਮ ਲਈ 1.2 ਲਿਟਰ ਘਰ ਬਣਾਏ *ਪੀ.ਏ.ਯੂ. ਨਿੰਮ ਦਾ ਘੋਲ ਜਾਂ 1500 ਮਿਲੀਲਿਟਰ ਮੱਕੀ/ਚਰੀ/ਬਾਜਰਾ ਦਾ ਰਸ ਜਾਂ ਗੰਭੀਰ ਹਾਲਤਾਂ ਵਿਚ 200 ਗ੍ਰਾਮ ਡਾਇਫੈਨਥੀਯੂਰੋਨ 50 ਡਬਲਯੂ ਪੀ ਪ੍ਰਤੀ ਏਕੜ ਦੇ ਹਿਸਾਬ ਨਾਲ 100-125 ਲਿਟਰ ਪਾਣੀ ਵਿਚ ਘੋਲ ਕੇ ਛਿੜਕੋ ।

* **ਘਰ ਬਣੇ ਨਿੰਮ/ਧਰੇਕ ਦਾ ਘੋਲ ਤਿਆਰ ਕਰਨ ਦੀ ਵਿਧੀ** : ਚਾਰ ਕਿਲੋ ਨਿੰਮ/ਧਰੇਕ ਦੀਆਂ ਕਰੂੰਬਲਾਂ (ਪੱਤੇ, ਹਰੀਆਂ ਟਹਿਣੀਆਂ ਅਤੇ ਨਿੰਮੋਲੀਆਂ) ਨੂੰ 10 ਲਿਟਰ ਪਾਣੀ ਵਿਚ 30 ਮਿੰਟ ਲਈ ਉਬਾਲੋ । ਇਸ ਘੋਲ ਨੂੰ ਕੱਪੜ ਛਾਣ ਕਰ ਲਓ ਅਤੇ ਤਰਲ ਨੂੰ ਸਿਫਾਰਸ਼ ਕੀਤੀ ਮਾਤਰਾ ਮੁਤਾਬਿਕ ਛਿੜਕਾਅ ਕਰੋ ।

## ਸ਼ਿਮਲਾ ਮਿਰਚ ਅਤੇ ਮਿਰਚਾਂ

1. **ਥਰਿਪ, ਪੀਲੀ ਜੂੰ ਅਤੇ ਚਿੱਟੀ ਮੱਖੀ** : ਇਹ ਮਿਰਚ ਅਤੇ ਸ਼ਿਮਲਾ ਮਿਰਚ ਲਈ ਹਾਨੀਕਾਰਕ ਕੀੜੇ ਹਨ । ਥਰਿਪ ਪੱਤਿਆਂ ਤੇ ਚਿੱਟੇ ਧੱਬੇ ਪੈਦਾ ਕਰਦਾ ਹੈ ਅਤੇ ਫੁੱਲ ਪੈਣ ਸਮੇਂ ਨੁਕਸਾਨ ਕਰਦਾ ਹੈ । ਪੀਲੀ ਜੂੰ ਪੱਤਿਆਂ ਅਤੇ ਫਲ ਤੇ ਹਮਲਾ ਕਰਦੀ ਹੈ । ਇਹ ਰਸ ਚੂਸਦੀ ਹੈ । ਪੱਤਿਆਂ ਤੇ ਜਾਲੇ ਲੱਗ ਜਾਂਦੇ ਹਨ



। ਪੱਤੇ ਸੁੱਕ ਕੇ ਝੜ ਜਾਂਦੇ ਹਨ । ਚਿੱਟੀ ਮੱਖੀ ਦੇ ਬਾਲਗ ਅਤੇ ਬੱਚੇ ਮਿਰਚਾਂ ਦੇ ਪੱਤਿਆਂ ਦਾ ਰਸ ਚੂਸਦੇ ਹਨ ।

**ਰੋਕਥਾਮ** : ★ ਮਾਈਟ ਦੀ ਰੋਕਥਾਮ ਲਈ *ਧਰੇਕ ਦੇ 1600 ਮਿਲੀਲਿਟਰ ਘੋਲ ਜਾਂ 150 ਮਿਲੀਲਿਟਰ ਓਬਰੇਨ 22.9 ਐਸ ਸੀ (ਸਪਾਈਰੋਮੈਸੀਫਿਨ) ਦਾ ਛਿੜਕਾਅ 100 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ ।

2. **ਫਲ ਦਾ ਗੜੂੰਆਂ** : ਇਸ ਦੀਆਂ ਸੁੰਡੀਆਂ ਫਲ ਵਿਚ ਛੇਕ ਕਰਕੇ ਫਲ ਨਸ਼ਟ ਕਰ ਦਿੰਦੀਆਂ ਹਨ ।

**ਰੋਕਥਾਮ** : ★ ਇਸ ਦੀ ਰੋਕਥਾਮ ਲਈ 50 ਮਿਲੀਲਿਟਰ ਕੋਰਾਜ਼ਨ 18.5 ਐਸ ਸੀ (ਕਲੋਰਐਂਟਰਾਨੀਲੀਪਰੋਲ) ਜਾਂ 50 ਮਿਲੀਲਿਟਰ ਟਰੇਸਰ 45 ਐਸ ਸੀ (ਸਪਾਈਨੋਸੈਡ) ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ ।

★ ਛਿੜਕਾਅ ਕਰਨ ਤੋਂ ਪਹਿਲਾਂ ਤਿਆਰ/ਪੱਕੇ ਫਲ ਤੋੜ ਲਓ ।

★ ਕਾਣੇ ਫਲ ਤੋੜ ਕੇ ਜ਼ਮੀਨ ਵਿਚ ਦਬਾ ਦਿਓ ।

# ਖੇਤਾਂ ਦੇ ਨਾੜਾਂ ਦੀ ਅੱਗ ਕਦੋਂ ਥੰਮੇਗੀ ਅਸਲ ਹੱਲ ਮਸ਼ੀਨਰੀ ਜਾਂ ਮਾਨਸਿਕਤਾ?

## ਫੈਸਲਾ ਕਿਸ ਦੇ ਹੱਥ ਪ੍ਰਸਾਸ਼ਨ ਜਾਂ ਆਮ ਲੋਕਾਂ ਦੇ?

ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ।

ਇਸ ਲੇਖ ਵਿਚ ਕਿਸਾਨ ਲਫਜ਼ ਇਸ ਲਈ ਨਹੀਂ ਵਰਤਿਆ ਗਿਆ, ਕਿਉਕਿ ਕਿਸਾਨ ਕਿਸੇ ਦਾ ਵੀ ਕਦੇ ਨੁਕਸਾਨ ਕਰਨ ਦੀ ਵਜ੍ਹਾ ਨਹੀਂ ਬਣ ਸਕਦਾ, ਹਾਂ ਕੁਝ ਛੋਟੀ ਤੇ ਛੇੜਛਾੜ ਵਾਲੀ ਕਿਸਮ ਤੇ ਨਿਕੰਮੀ ਸੋਚ ਦੇ ਧਾਰਨੀ ਲੋਕ ਹੀ ਅੱਜ ਮਨੁੱਖਤਾ, ਵਾਤਾਵਰਣ, ਹਾਦਸਿਆਂ, ਪਸ਼ੂ ਪੰਛੀ, ਜੀਵ ਜੰਤੂਆਂ ਨੂੰ ਹਨੇਰੇ ਵਿਚ ਸੁੱਟਣ ਲਈ ਅੱਗੇ ਆ ਰਹੇ ਹਨ। ਏਥੋਂ ਤੱਕ ਕਿ ਬਹੁਤ ਸਾਰੇ ਕਿਸਾਨ ਵੀਰਾਂ ਨਾਲ ਗੱਲਬਾਤ ਕਰਨ ਦੌਰਾਨ ਵੀ ਇਹ ਸਾਹਮਣੇ ਆਇਆ ਕਿ ਉਹ ਖੁਦ ਆਏ ਦਿਨ ਸੜਕਾਂ ਤੇ ਹੁੰਦੇ ਧੂੰਏਂ ਕਾਰਨ ਹਾਦਸੇ, ਹਰੇ ਭਰੇ ਰੁੱਖ ਸਾਰੇ ਸਾੜੇ ਜਾਣੇ, ਸਾਹ ਲੈਣ ਲਈ ਹਵਾ ਨੂੰ ਵਧੇਰੇ ਦੂਸ਼ਿਤ ਕਰਨਾ, ਫੇਫੜਿਆਂ ਦੀ ਬਿਮਾਰੀਆਂ, ਹਾਦਸੇ ਦੇਖ ਬਹੁਤ ਸਾਰੇ ਦੁਖਾਂਤ ਦੇ ਆਲਮ ਵਿਚ ਗੁਜ਼ਰਦੇ ਪਾਏ ਗਏ। ਇਥੋਂ ਤੱਕ ਕਿ ਉਹ



ਇਹ ਵੀ ਕਹਿੰਦੇ ਸੁਣੇ ਗਏ ਕਿ ਪਤਾ ਲਈ ਕਦੋਂ ਸਾਡੇ ਲੋਕ ਜਾਗਰੂਕ ਹੋਣਗੇ ਤੇ ਮਿੱਟੀ ਨੂੰ ਸਾੜਨ ਵਾਲੀ ਦੁਸ਼ਮਣੀ ਕਦੋਂ ਛੱਡਣਗੇ ਜਾਂ ਨਹੀਂ ਜਾਂ ਕੋਈ ਹੋਰ ਵੱਡੀ ਕੁਦਰਤੀ ਆਫਤ ਦੀ ਉਡੀਕ ਕਰਕੇ ਭੇਟ ਚੜਦੇ ਰਹਿਣਗੇ। ਪਿਛਲੇ ਸਮੇਂ ਵਿਚ ਇਕ ਪ੍ਰਸ਼ਾਸਨ ਦੇ ਜ਼ਿਲ੍ਹਾ ਮੁੱਖੀ ਵਲੋਂ ਵੀ ਸਾਨੂੰ ਦੱਸਿਆ ਗਿਆ ਕਿ ਆਪਣੇ ਭਤੀਜੇ ਨੂੰ ਨਾੜ ਨੂੰ ਅੱਗਾਂ ਦੇ ਸਮੇਂ ਕੇਰਲਾ ਵਿਚ ਭੇਜ ਦਿੰਦੇ ਹਾਂ। ਕਿਉਕਿ ਹਵਾ ਜ਼ਿਆਦਾ ਦੂਸ਼ਿਤ ਹੁੰਦੀ ਹੈ ਤੇ ਉਹ ਸਾਹ ਦਾ ਰੋਗੀ ਹੈ। ਇਥੇ ਇਹ ਵੀ ਸੋਚਣਾ ਪਵੇਗਾ ਕਿ ਸਾਡੇ ਬੱਚਿਆਂ, ਬਜ਼ੁਰਗਾਂ ਬਾਰੇ ਕਿੰਨੇ ਸੋਚਣਾ ਤੇ ਕਦੋਂ।

ਅਸੀਂ ਆਏ ਦਿਨ ਖੇਤੀ ਸੰਸਥਾਵਾਂ ਵੱਲੋਂ ਪਿੰਡਾਂ 'ਚ ਲੋਕ ਜਾਗਰੂਕਤਾ ਕੈਂਪ ਵੀ ਨਾੜ ਨੂੰ ਅੱਗ ਲਗਾਉਣ ਦੇ ਨੁਕਸਾਨਾਂ ਪ੍ਰਤੀ ਜਾਗਰੂਕ ਕੀਤਾ ਜਾਂਦਾ ਹੈ, ਪਰ ਉਹਨਾਂ ਵਿਚ ਬੈਠ ਸੁਣ ਕੇ ਵੀ ਕਿਸੇ ਹੋਰ ਨਾਲ ਵਿਚਾਰ ਵਟਾਂਦਰਾ ਨਾ ਕੀਤੇ ਬਗੈਰ ਵਧੇਰੇ ਲੋਕ ਚਾਹ ਸਮੋਸੇ ਖਾਣ ਪੀਣ ਤੋਂ ਬਾਅਦ ਜਾਂਦਿਆਂ ਖੇਤ ਨੂੰ ਤੀਲੀ ਹੀ ਸੁਟਣੀ ਨਹੀਂ ਭੁੱਲਦੇ, ਤਾਂ ਫੇਰ ਉਸ ਜਾਗਰੂਕਤਾ ਦੇ ਕੀ ਮਾਇਨੇ ਰਹੇ। ਇਥੋਂ ਤੱਕ ਕਿ ਬਹੁਤੇ ਲੋਕਾਂ ਕੋਲ ਸਰਕਾਰੀ ਸਹੂਲਤਾਂ ਤੇ ਵਧੇਰੇ ਭਾਰੀ ਮਸ਼ੀਨਾਂ ਹੋਣ ਦੇ ਬਾਵਜੂਦ ਵੀ ਸਸਤੇ 'ਚ ਹੋਰ ਲੋਕਾਂ ਵੱਲ ਦੇਖਾ ਦੇਖੀਂ ਕਰਦੇ ਕਹਿੰਦੇ ਹਨ ਕਿ ਇਸਦਾ ਕੀ ਹੋ ਗਿਆ ਹੈ ਜੋ ਸਾਡਾ ਹੋ ਜਾਵੇਗਾ। ਏਦਾਂ ਹੀ ਚੱਲੋ ਚੱਲੀ ਨਾਲ ਆਸਮਾਨ ਨੂੰ ਤੱਪਦੀ ਤੰਦੂਰ ਵਾਲੀ ਭੱਠੀ ਜ਼ਰੂਰ ਬਣਾ ਰਹੇ ਹਾਂ। ਸਵਾਹ ਨਾਲ ਅੰਦਰ ਬਾਹਰ ਭਰਿਆ ਪਿਆ ਹੁੰਦਾ ਹੈ। ਬੱਸ ਏਥੇ ਸੋਚ ਖਤਮ ਕਰ ਕੇ ਬ੍ਰਹਿਮੰਡ ਨੂੰ ਪਲੀਤ ਕਰਨ ਦੇ ਨਾਲ ਪਾਪਾਂ ਦੇ ਭਾਗੀ ਵੀ ਬਣਦੇ ਹਾਂ, ਗੁਰੂ ਸਾਹਿਬ ਜੀ ਦੀ ਬਾਣੀ ਵੀ ਉਸ ਬ੍ਰਹਿਮੰਡ ਵਿਚ ਵਿਚਰਦੇ ਧਾਤੂ ਹਵਾ, ਪਾਣੀ, ਜ਼ਮੀਨ ਬਾਰੇ ਹੀ ਸਮਝਾਇਆ ਲਿਖਿਆ ਗਿਆ। ਜਿਸ ਨੂੰ ਅਸੀਂ ਸਵੇਰੇ ਸ਼ਾਮ ਪੜ੍ਹ ਕੇ ਸਿਰ ਵੀ ਝੁਕਾਉਂਦੇ ਹਾਂ ਤੇ ਅਮਲ ਕਰਨਾ ਬਿਲਕੁਲ ਨਾਂ ਬਰਾਬਰ ਹੈ।

ਹਾਲਾਂਕਿ ਇਹ ਵੀ ਬਹੁਤ ਸਾਰੇ ਕਿਸਾਨ ਵੀਰਾਂ ਤੋਂ ਨਿੱਜੀ ਤੌਰ 'ਤੇ ਸੁਣਨ ਨੂੰ ਮਿਲਿਆ ਹੈ ਕਿ ਉਹ ਅਕਸਰ ਏਂ ਕਹਿੰਦੇ ਹਨ ਕਿ ਸਰਕਾਰੀ ਮੁਲਾਜ਼ਮ ਕਾਨੂੰਨੀ ਸਖਤਾਈ ਨਹੀਂ ਕਰਦੇ। ਉਹ ਅਜਿਹੇ ਅੱਗ ਲਗਾਉਣ ਵਾਲਿਆਂ ਨੂੰ ਠੋਕਣ ਕਾਰਵਾਈ ਕਰਕੇ। ਏਥੇ ਸਾਨੂੰ ਸਮਾਜਿਕ ਤੌਰ ਤੇ ਵੀ ਸਮਝਣਾ ਚਾਹੀਦਾ ਹੈ ਕਿ ਜੇ ਸਰਕਾਰ ਸਖਤ ਕਾਨੂੰਨ ਅੱਗ ਲਗਾਉਣ ਪ੍ਰਤੀ ਬਣਵਾਉਣ ਜਾ ਰਹੀ ਸੀ ਤਾਂ ਆਪਾਂ ਹੀ ਲੋਕ ਇਕਤਰਤਾ ਕਰਕੇ ਰੱਦ ਕਰਵਾਏ ਸਨ ਤੇ ਅੱਜ ਵੀ ਅਜਿਹੀ ਕਾਰਵਾਈ ਕਰਨ ਵਾਲੇ ਦੇ ਖਿਲਾਫ ਸਾਰੇ ਇਕੱਠੇ ਹੋ ਜਾਂਦੇ ਹਾਂ। ਦੂਜਾ ਪਹਿਲੂ ਏਂ ਹੈ ਸਮਝਣਾ ਕਿ ਅੱਗ ਰੋਕੂ ਐਕਟ ਵਾਲਾ ਸੰਬੰਧਿਤ ਮੁਲਾਜ਼ਮ ਵੀ ਤੁਹਾਡੇ ਪਿੰਡ ਵਿਚ ਇਸ ਡਿਊਟੀ ਦੇ ਸਮੇਂ ਵੀ ਤੇ ਇਸ ਡਿਊਟੀ ਤੋਂ ਬਾਅਦ ਵੀ ਆਪਣੀ ਅਸਲ ਅਦਾਰੇ ਦੀ ਜਿਸ ਵਿਚ ਉਹ ਸੇਵਾ ਨਿਭਾ ਰਿਹਾ ਹੈ, ਤੋਂ ਬਾਅਦ ਵੀ ਤੁਹਾਡੇ ਉਸੇ ਪਿੰਡ ਵਿਚ ਹੀ ਰਹਿਣਾ ਹੈ। ਆਖਾਂ ਵੀ ਸਮਝੀਏ ਕਿ ਲੋਕਾਂ ਨੂੰ ਸਮਝਾਉਣ ਤੱਕ ਦਾ ਠੀਕ ਹੈ ਪਰ ਨੁਕਸਾਨ ਕਰਨ ਤੋਂ ਬਾਅਦ ਕੀ ਉਹ ਉਸ ਪਿੰਡ ਵਿਚ ਸਮਾਜਿਕ ਤੌਰ ਤੇ ਪਿਆਰ ਬਣਾ ਕੇ ਵਿਚਰ ਸਕਦਾ ਹੈ ਜਾਂ ਨਹੀਂ। ਇਹ ਵੀ ਸਾਨੂੰ ਬੁਰੇ ਬਣਾਉਣ ਜਾਂ ਲੜਨ ਤੋਂ ਪਹਿਲਾਂ ਸਮਝਣ ਦੀ ਲੋੜ ਹੈ। ਕਿਉਕਿ ਏਨਾਂ ਡਿਊਟੀਆਂ ਦੌਰਾਨ ਬਲਾਕ ਨਹੀਂ ਬਦਲਦੇ ਕਿ ਨੁਕਸਾਨ ਕਿਸੇ ਹੋਰ ਬਲਾਕ ਵਿਚ ਕਰੋ ਤੇ ਬਾਅਦ ਵਿਚ ਲੋਕ ਭਲਾਈ ਦਾ ਕੰਮ ਕਿਸੇ ਹੋਰ ਬਲਾਕ ਵਿਚ ਕਰੋ ਅਜਿਹਾ ਨਹੀਂ ਹੁੰਦਾ। ਏਸੇ ਤਰ੍ਹਾਂ ਇੱਕ ਹੋਰ ਪਹਿਲੂ ਤੇ ਜ਼ੋਰਦਾਰ ਧਿਆਨ ਦਿਉ ਕਿ ਸਾਡੇ ਪਿੰਡਾਂ ਵਿਚ ਰਹਿੰਦੇ ਪਿੰਡ ਦੇ ਵੱਖ ਵੱਖ ਧਿਰਾਂ ਦੇ ਮੋਹਤਬਰਾਂ, ਕਿਸਾਨ ਸੰਗਠਨ, ਕੁਲ ਮਿਲਾ ਕੇ ਨਿੱਜੀ ਤੌਰ ਵੀ ਵਿਅਕਤੀਗਤ ਤੇ ਇਕ ਦੂਜੇ ਨੂੰ ਸਮਝਾਉਣ ਤੋਂ ਵੀ ਲੈ ਕੇ ਸਾਂਝੀਆਂ ਗੁਰੂ ਘਰਾਂ ਤੋਂ ਜਨਤਕ ਅਪੀਲਾਂ, ਜਨਤਕ ਪਿੰਡ ਪੱਧਰੀ ਇਕੱਠ ਕਰਕੇ ਆਪਣੇ ਪੱਤਰ ਤੇ ਵੀ ਕਿੰਨੇ ਕੁ ਅਸੀਂ ਸਮਝਦਾਰ ਹਾਂ, ਜਾਂ ਜ਼ਿੰਮੇਵਾਰ ਅਹੁਦੇ ਤੇ ਬਣਕੇ ਆਪ ਵੀ



ਕਮਲਇੰਦਰਜੀਤ ਸਿੰਘ ਬਾਜਵਾ
ਬਲਾਕ ਟੈਕਨੋਲੋਜੀ ਮੈਨੇਜਰ,
ਖੇਤੀਬਾੜੀ ਵਿਭਾਗ, ਕਾਹਨੂੰਵਾਨ,
ਜ਼ਿਲ੍ਹਾ ਗੁਰਦਾਸਪੁਰ
ਮੋ. 98150-82401

ਜ਼ਿੰਮੇਵਾਰੀ ਕਿੰਨੀ ਕੁ ਸਮਝਦੇ ਹਾਂ। ਕੇਵਲ ਇਕ ਦੂਜੇ ਨੂੰ ਨੀਵਾਂ ਜਾਂ ਕੋਸਣ ਤੱਕ ਹੀ ਸੀਮਤ ਨਾ ਰਹੀਏ। ਫਲਾਣੀ ਫੈਕਟਰੀ ਦਾ ਧੂੰਆਂ ਦੇਖੋਂ ਪਰ ਏਥੇ ਏਂ ਵੀ ਸੋਚੋਂ ਕਿ ਤੁਹਾਡੇ ਆਪਣੇ ਪਿੰਡ ਵੀ ਲੱਗੀ ਅੱਗ ਦਾ ਦੂਸ਼ਿਤ ਧੂੰਆਂ ਤੁਹਾਡੇ ਵੀ ਤੇ ਤੁਹਾਡੇ ਨਾਲ ਵਾਲੇ ਪਿੰਡਾਂ ਦੇ ਲੋਕਾਂ ਨੂੰ ਖਾਣ ਨੂੰ ਮਿਲੇਗਾ। ਮੇਰਾ ਨਿੱਜੀ ਤੌਰ ਤੇ ਮੰਨਣਾ ਹੈ ਕਿ ਜੇਕਰ ਅੱਗ ਨੂੰ ਰੋਕਣਾ ਹੈ ਤਾਂ ਮਸ਼ੀਨਾਂ ਜਾਂ ਲੜਾਈ, ਜਾਂ ਸਖਤੀ ਨਾਲ ਨਹੀਂ। ਬਲਕਿ ਅੱਗ ਰੋਕਣ ਦਾ ਹੱਲ ਕੇਵਲ ਜਾਗਰੂਕ ਮਾਨਸਿਕਤਾ ਹੈ। ਏਥੇ ਤਾਂ ਝੋਨੇ ਦੇ ਸਮੇਂ ਬੇਲਰ ਨਾਲ ਗੱਠਾਂ ਬਣਾ ਕੇ ਵੀ ਬਾਅਦ ਵਿਚ ਅੱਗ ਲਗਾਉਂਦੇ ਆਮ ਲੋਕਾਂ ਨੂੰ ਦੇਖਿਆ। ਸੁਪਰ ਸੀਡਰ ਸਰਕਾਰੀ ਸਹੂਲਤਾਂ ਨਾਲ ਲੈਸ ਹੋ ਕੇ ਵੀ ਅੱਗ ਲਗਾਉਂਦੇ ਦੇਖਣਾ ਆਮ ਹੈ। ਉਥੇ ਸਮਾਜ ਵਿਚ ਉਹ ਵੀ ਜਾਗਰੂਕ ਲੋਕ ਹਨ ਜੋ ਹਲਕੇ ਸਸਤੇ ਟਰੈਕਟਰ ਨਾਲ ਕੇਵਲ ਰੋਟਾਵੇਟਰ ਜਾਂ ਤਵੀਆਂ ਨਾਲ ਫਸਲੀ ਰਹਿੰਦ ਖੂੰਹਦ ਨੂੰ ਖੇਤ ਵਿਚ ਹੀ ਦਬਾ ਕੇ ਵਹਾਉਣ ਨਾਲ ਨਿਪਟਾ ਲੈਂਦੇ ਹਨ। ਅੱਜ ਵੀ ਬਹੁਤ ਲੋਕ ਛੋਟੇ ਪੁਰਾਣੇ ਤੇ ਸਸਤੇ ਟਰੈਕਟਰ ਨਾਲ ਵੀ ਖੇਤ ਬਣਾਉਂਦੇ ਆਮ ਦੇਖੇ ਜਾਂਦੇ ਹਨ ਗੱਲ ਮਾਨਸਿਕਤਾ ਤੇ ਸਮਝਦਾਰੀ ਦੀ ਹੈ।

ਵਾਤਾਵਰਣ ਸੰਭਾਲ ਵਾਲੇ ਤੇ ਅੱਗ ਨੂੰ ਨਫਰਤ ਕਰਨ ਵਾਲੇ ਕਿਸਾਨ ਭਰਾਵਾਂ ਨੇ ਸਾਂਝੇ ਕੀਤੇ ਦਰਦ ਬਾਰੇ ਕਿਹਾ ਕਿ ਕੁਝ ਲੋਕਾ ਦੇ ਖੇਤਾਂ ਨੂੰ ਲੱਗੀ ਅੱਗ ਤੇ ਉਪਰੋਂ ਚੱਲਦੀ ਹਵਾ ਨਾਲ ਅੱਗ ਪ੍ਰਥਾ ਵੀ ਆਪਣੇ ਲਿਪੇਟ 'ਚ ਲੈ ਲੈਂਦੀ ਹੈ, ਜੋ ਉਹਨਾਂ ਨੇ ਲੰਮੇ ਸਮੇਂ ਤੋਂ ਮਿੱਟੀ ਵਿਚ ਸੂਖਮਜੀਵਾਂ ਦੀ ਗਿਣਤੀ ਵਧਾਈ ਹੁੰਦੀ ਹੈ ਤੇ ਗੰਡੋਏ ਆਦਿ ਜੋ ਖਾਦ ਬਣਾ ਕੇ ਮਿੱਟੀ ਨੂੰ ਪੋਲੀ ਰੱਖਦੇ ਹਨ, ਜੋ ਅਗਾਂਹ ਬੂਟੇ ਦੇ ਵਾਧੇ ਲਈ ਮਦਦਗਾਰ ਸਿੱਧ ਹੁੰਦੇ ਹਨ।



ਉਹਨਾਂ ਨੂੰ ਵੀ ਇਕ ਖੇਤ ਤੋਂ ਦੂਜੇ ਖੇਤ 'ਚ ਜਾਂਦੀ ਅੱਗ ਨਾਲ ਖਤਮ ਕਰ ਦਿੰਦੇ ਹਨ। ਅਖੀਰ ਉਹਨਾਂ ਕਿਸਾਨ ਵੀਰਾਂ ਨਾਲ ਗੱਲਬਾਤ ਕਰਨ ਤੇ ਪਤਾ ਲੱਗਾ ਕਿ ਕਈ ਤਾਂ ਜਾਣਬੁੱਝ ਦੀ ਲੜਾਈ ਤੋਂ ਬੱਚਣ ਲਈ ਅਗੇਤੇ ਪਾਣੀ ਵੀ ਆਪਣੇ ਖੇਤਾਂ 'ਚ ਰੀਪਰ ਲੱਗਣ ਤੋਂ ਬਾਅਦ ਲਗਾ ਲੈਂਦੇ ਹਨ ਤੇ ਕਈ ਤਾਂ ਖੇਤ ਦੇ ਕਿਨਾਰੇ ਟ੍ਰੈਕਟਰ ਨਾਲ ਪਹਿਲਾਂ ਵੀ ਵਹਾ ਦਿੰਦੇ ਹਨ। ਜਿਨਾਂ ਦੇ ਖੇਤਾਂ ਨੂੰ ਪਿੱਛਿਂ ਆਉਂਦੀ ਅੱਗ ਨਾ ਚਾਹੁੰਦੇ ਹੋਏ ਵੀ ਲੱਗ ਜਾਂਦੀ ਹੈ ਉਹਨਾਂ ਦੇ ਦੁਖਾਂਤ ਵੀ ਵੱਡੇ ਦੋਸ਼ੀ ਬਣਨ ਵਾਂਗ ਦੁਖ ਦੇ ਸੁਣਨ ਵਾਲੇ ਹਨ। ਜਿਨ੍ਹਾਂ ਦਾ ਕਸੂਰ ਕੋਈ ਨਹੀਂ ਜੋ ਮਿੱਟੀ ਦੀ ਉਪਜਾਊਤਾ ਲਈ ਤੱਤਪਰ ਸਨ।

ਫੈਸਲਾ ਤੁਸਾਂ ਕਰਨਾ ਕਿ ਮਿੱਟੀ ਨੂੰ ਸਾੜਨ ਤੇ ਵਾਤਾਵਰਣ ਖਰਾਬ ਕਰਨ ਦੀ ਦੁਸ਼ਮਣੀ ਮਿੱਟੀ ਤੇ ਫਸਲ ਨਾਲ ਅਗਾਂਹ ਵੀ ਖਤਮ ਕਰਨੀ ਹੈ ਜਾਂ ਏਸੇ ਤਰ੍ਹਾਂ ਮਿੱਟੀ ਉਪਜਾਊਤਾ ਸ਼ਕਤੀ ਸਾੜ ਕੇ ਬਣਾਉਟੀ ਕੈਮੀਕਲ ਖਾਦਾਂ ਵੱਧ ਪਾਉਣ ਨਾਲ ਤੁਰੇ ਰਹਿਣਾ ਹੈ। ਜੇਕਰ ਅੱਜ ਸਾਨੂੰ ਕੋਈ ਕਾਨੂੰਨ ਲਾਗੂ ਨੂੰ ਰੋਕਣ ਦੀ ਲੋੜ ਹੁੰਦੀ ਹੈ ਜਾਂ ਕਿਸੇ ਵਿਸ਼ੇਸ਼ ਕੰਮ ਜਿਵੇਂ ਸਾਂਝੇ ਤੌਰ ਤੇ ਪੁੱਲ ਬਣਾਉਣ ਲਈ ਇੱਕਜੁਟਤਾ ਦਿਖਾਉਣੀ, ਜਾਂ ਕਿਸੇ ਹੋਰ ਸੰਘਰਸ਼ ਜਾਂ ਕੋਈ ਹੱਕ ਲੈਣ ਲਈ ਸਾਰੇ ਆਪ ਅੱਗੇ ਆ ਕੇ ਆਪਣਾ ਫਰਜ਼ ਪਛਾਣਦੇ ਹਾਂ ਤਾਂ, ਏਥੇ ਆਪਣੇ ਪਿੰਡ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਇਕਮੁੱਠ ਜਾਂ ਇਕਜੁਟਤਾ ਕਿਉਂ ਨਹੀਂ ਦਿਖਾਉਂਦੇ ? ਕਿਤੇ ਵੋਟ ਰਾਜਨੀਤੀ ਤੋਂ ਹਲਕੀ ਬਾਬੇ ਦੀ ਕੁਦਰਤ ਤਾਂ ਨਹੀਂ ਹੋ ਗਈ ਜੋ ਕਿਸੇ ਨੂੰ ਸਮਝਾਉਣ ਲਈ ਬੁਰਾ ਨਹੀਂ ਬਣਨਾ ਚਾਹੁੰਦਾ ਕੋਈ। ਦੰਡ ਨਾਲੋਂ ਮਾਨਸਿਕਤਾ ਸਮਝ ਵਧੇਰੇ ਚੰਗੀ ਹੈ, ਆਪੋ ਆਪਣੇ ਫਰਜ਼ ਇਕ ਦੂਜੇ ਨੂੰ ਸਮਝਾਉਣ ਲਈ ਨਿਭਾਉ। ਦੇਸ਼ ਆਜ਼ਾਦ ਹੈ ਤਾਂ ਉਸ ਦਾ ਸਹੀ ਉਪਯੋਗ ਕਰੋ ਨਾ ਕਿ ਕਿਸੇ ਦੀ ਹਵਾ ਦੂਸ਼ਿਤ ਕਰਨ ਨਾਲ ਦੋਸ਼ੀ ਬਣ ਕੇ। ਪ੍ਰਸ਼ਾਸਨ ਤੁਹਾਡੇ ਭਲੇ ਤੇ ਸਾਥ ਤੇ ਸਹਿਯੋਗ ਲਈ ਹੈ ਅਖੀਰ ਫੈਸਲਾ ਤੁਹਾਡੇ ਹੱਥ ਵਿਚ, ਬਾਕੀ ਫੈਸਲਾ ਤੁਹਾਡੀ ਜਾਗਰੂਕ ਸੋਚ/ ਮਾਨਸਿਕਤਾ ਤੇ ਛੱਡਿਆ। ਲੇਖ ਕੇਵਲ ਸਮਾਜ ਨੂੰ ਸੇਧ ਦੇਣ ਲਈ ਹੁੰਦੇ ਹਨ ਜੋ ਤੁਹਾਡੇ ਵਿਚ ਵਿਚਰਨ ਤੋਂ ਬਾਅਦ ਤਜ਼ਰਬਾ ਹਾਸਲ ਹੁੰਦਾ ਹੈ ਉਸ ਨੂੰ ਲਿਖਤ ਦਾ ਰੂਪ ਮਿਲਦਾ ਹੈ। ਇਸ ਲੇਖ ਦਾ ਕਿਸੇ ਬਾਡੀ ਨਾਲ ਕੋਈ ਸਬੰਧ ਨਹੀਂ। ਸੁਝਾਅ ਲਈ ਵਿਭਾਗ ਦੇ ਨੰਬਰ ਤੇ ਸੰਪਰਕ ਕਰੋ।

# ਕਿਸਾਨ ਭਰਾਵਾਂ ਲਈ ਖੇਤੀ ਰੁਝੇਵੇਂ

**ਝੋਨਾ** : ਝੋਨੇ ਦੀ ਪਨੀਰੀ ਵਿਚ ਜੜ੍ਹ-ਗੰਢ ਨੀਮਾਟੋਡ ਦੀ ਰੋਕਥਾਮ ਲਈ ਪਨੀਰੀ ਬੀਜਣ ਤੋਂ 10 ਦਿਨ ਪਹਿਲਾਂ ਖੇਤ ਦੀ ਰੌਣੀ ਉਪਰੰਤ ਆਖਰੀ ਵਾਹੀ ਵੇਲੇ 40 ਗ੍ਰਾਮ ਸਰੋਂ ਦੀ ਖਲ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਪਾਓ। ਝੋਨੇ ਦੀਆਂ ਬੀਜ ਰਾਹੀਂ ਲੱਗਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਨਰਸਰੀ ਦੀ ਬਿਜਾਈ ਤੋਂ ਪਹਿਲਾਂ ਬੀਜ ਨੂੰ 3 ਗ੍ਰਾਮ ਸਪਿਰੰਟ ਪ੍ਰਤੀ ਕਿੱਲੋ ਦੇ ਹਿਸਾਬ ਨਾਲ ਸੋਧ ਲਓ (3 ਗ੍ਰਾਮ ਸਪਰਿੰਟ ਨੂੰ 8-10 ਮਿ.ਲਿ. ਪਾਣੀ ਵਿਚ ਘੋਲ ਲਓ)

**ਕਮਾਦ** : ਫਸਲ ਦੇ ਚੰਗੇਰੇ ਝਾੜ ਲਈ 7 ਤੋਂ 12 ਦਿਨਾਂ ਦੇ ਵਕਫੇ ਤੇ ਪਾਣੀ ਦਿੰਦੇ ਰਹੋ। ਡੀਲਾ/ਮੋਥਾ ਦੀ ਰੋਕਥਾਮ ਲਈ 2,4-ਡੀ ਸੋਡੀਅਮ ਸਾਲਟ 80 ਪ੍ਰਤੀਸ਼ਤ 800 ਗ੍ਰਾਮ ਨੂੰ 200 ਲਿਟਰ ਪਾਣੀ ਵਿਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਖਾਦਾਂ ਪਾਉਣ ਤੋਂ ਬਾਅਦ ਖੇਤ ਨੂੰ ਪਾਣੀ ਦੇ ਦਿਓ। ਪਾਣੀ ਦੀ ਬੱਚਤ ਲਈ ਗੰਨੇ ਦੀਆਂ ਲਾਈਨਾਂ ਵਿਚਕਾਰ 20-25 ਕੁਇੰਟਲ ਪ੍ਰਤੀ ਏਕੜ ਦੇ ਹਿਸਾਬ ਨਾਲ ਝੋਨੇ ਦੀ ਪਰਾਲੀ ਜਾਂ ਗੰਨੇ ਦੀ ਪੱਤੀ ਵਿਛਾ ਦੇਵੋ।

**ਦਾਲਾਂ (ਅਰਹਰ)** : ਅਰਹਰ ਮਈ ਦੇ ਦੂਸਰੇ ਪੰਦਰ੍ਹਵਾੜੇ ਵਿਚ ਬੀਜ ਦਿਓ ਤਾਂ ਜੋ ਇਸ ਦਾ ਵਧੇਰੇ ਝਾੜ ਲਿਆ ਜਾ ਸਕੇ। 6 ਕਿਲੋ ਬੀਜ ਪ੍ਰਤੀ ਏਕੜ ਨੂੰ 50×25 ਸੈਂਟੀਮੀਟਰ ਫਾਸਲੇ ਉੱਪਰ ਬੀਜੋ। ਦਰਮਿਆਨੀਆਂ ਅਤੇ ਭਾਰੀਆਂ ਜ਼ਮੀਨਾਂ ਵਿਚ ਅਰਹਰ ਦੀ ਬਿਜਾਈ ਕਣਕ ਲਈ ਵਰਤੇ ਜਾਂਦੇ ਬੈੱਡ ਪਲਾਂਟਰ ਨਾਲ ਬੈੱਡਾਂ ਉੱਤੇ ਸਫਲਤਾ ਪੂਰਵਕ ਕੀਤੀ ਜਾ ਸਕਦੀ ਹੈ। ਬੈੱਡਾਂ ਉੱਤੇ ਬਿਜਾਈ ਕਰਨ ਨਾਲ ਪਾਣੀ ਦੀ ਬੱਚਤ ਹੁੰਦੀ ਹੈ ਅਤੇ ਭਾਰੀ ਮੀਂਹ ਤੋਂ ਹੋਣ ਵਾਲੇ ਨੁਕਸਾਨ ਤੋਂ ਵੀ ਫਸਲ ਬਚਦੀ ਹੈ।

**ਨਰਮਾ** : ਕੰਘੀ ਬੂਟੀ ਅਤੇ ਪੀਲੀ ਬੂਟੀ ਨੂੰ ਵੱਟਾਂ ਬੰਨਿਆਂ ਤੋਂ ਖਤਮ ਕਰ ਦਿਉ ਕਿਉਕਿ ਪੱਤਾ ਮਰੋੜ ਵਾਇਰਸ ਨਰਮੇ ਤੇ ਹਮਲਾ ਕਰਨ ਤੋਂ ਪਹਿਲਾਂ ਇਥੇ ਹੀ ਪਲਦਾ ਹੈ। ਚਿੱਟੀ ਮੱਖੀ ਦੇ ਫੈਲਾਅ ਨੂੰ ਰੋਕਣ ਲਈ ਬਿਜਾਈ ਤੋਂ ਪਹਿਲਾਂ ਖਾਲੀ ਥਾਂਵਾਂ, ਸੜਕਾਂ ਦੇ ਕਿਨਾਰਿਆਂ, ਖਾਲਿਆਂ ਦੀਆਂ ਵੱਟਾਂ ਅਤੇ ਬੇਕਾਰ ਪਈ ਭੂਮੀ ਵਿਚੋਂ ਚਿੱਟੀ ਮੱਖੀ ਦੇ ਬਦਲਵੇਂ ਨਦੀਨ ਜਿਵੇਂ ਕਿ ਕੰਘੀ ਬੂਟੀ, ਪੀਲੀ ਬੂਟੀ, ਪੁੱਠ ਕੰਡਾ, ਧਤੂਰਾ, ਭੰਗ ਆਦਿ ਨੂੰ ਨਸ਼ਟ ਕਰ ਦਿਓ।

**ਹਰੇ ਚਾਰੇ** : ਗੈਰ ਫਲੀਦਾਰ ਅਤੇ ਫਲੀਦਾਰ ਚਾਰੇ ਜਿਵੇਂ ਕਿ ਮੱਕੀ+ ਰਵਾਂਹ ਰਲਾ ਕੇ ਬੀਜੋ, ਇਸ ਤਰ੍ਹਾਂ ਜ਼ਿਆਦਾ ਪੌਸ਼ਟਿਕ ਚਾਰਾ ਮਿਲੇਗਾ। ਚਾਰੇ ਦੇ ਚੰਗੇ ਵਾਧੇ ਲਈ ਕੁਝ ਵਕਫੇ ਬਾਅਦ ਲਗਾਤਾਰ ਪਾਣੀ ਦਿਉ।

**ਮੱਕੀ** : ਮਈ ਮਹੀਨੇ ਦੇ ਅਖੀਰ ਵਿਚ ਮੱਕੀ ਦੀ ਕਾਸ਼ਤ ਸ਼ੁਰੂ ਕਰੋ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਸ਼ ਕਿਸਮਾਂ ਹੀ ਬੀਜੋ। ਬੈੱਡ ਬਨਾਉਣ ਲਈ ਕਣਕ ਵਾਲੇ ਬੈੱਡ ਪਲਾਂਟਰ ਦੀ ਵਰਤੋਂ ਕੀਤੀ ਜਾ ਸਕਦੀ ਹੈ। ਬੈੱਡ ਜਾਂ ਵੱਟਾਂ ਤੇ ਮੱਕੀ ਦੀ ਬਿਜਾਈ ਨੂੰ ਤਰਜੀਹ ਦਿਓ। ਖਾਦਾਂ ਮਿੱਟੀ ਪਰਖ ਦੇ ਆਧਾਰ ਤੇ ਹੀ ਪਾਉ।

**ਮੂੰਗਫਲੀ** : ਸੇਂਜੂ ਹਾਲਤਾਂ ਵਿਚ ਮੂੰਗਫਲੀ ਦੀ ਕਿਸਮ ਜੇ 87 ਜਾਂ ਐਸ ਜੀ-99 ਜਾਂ ਐਮ-522 ਇਸ ਮਹੀਨੇ ਦੇ ਅਖੀਰ ਤੱਕ ਬੀਜ ਦਿਓ।

**ਸੂਰਜਮੁਖੀ** : ਇਸ ਮਹੀਨੇ ਗਰਮੀ ਕਾਫੀ ਹੋ ਜਾਂਦੀ ਹੈ। ਸੂਰਜਮੁਖੀ ਦੇ ਚੰਗੇਰੇ ਵਾਧੇ ਲਈ 8-10 ਦਿਨਾਂ ਬਾਅਦ ਪਾਣੀ ਦਿੰਦੇ ਰਹੋ। ਫੁੱਲਾਂ ਤੇ ਆਈ ਫਸਲ ਨੂੰ ਅਤੇ ਉਸ ਤੋਂ ਪਿੱਛੋਂ ਪਾਣੀ ਦੀ ਘਾਟ ਨਹੀਂ ਆਉਣੀ ਚਾਹੀਦੀ।

**ਬਾਗਬਾਨੀ** : ਗਰਮੀ ਵਿਚ ਹੋਰ ਵਾਧਾ ਹੋਣ ਨਾਲ ਫਲਾਂ ਦਾ ਕੇਰਾ ਵਧ ਸਕਦਾ ਹੈ। ਅੰਬ, ਲੀਚੀ, ਨਾਸ਼ਪਾਤੀ, ਨਿੰਬੂ ਜਾਤੀ ਦੇ ਬਾਗਾਂ ਆਦਿ ਵਿਚ ਲਗਾਤਾਰ ਸਿੱਲ੍ਹ ਬਣਾਈ ਰੱਖੋ ਅਤੇ ਲਗਾਤਾਰ ਹਲਕੀਆਂ ਸਿੰਚਾਈਆਂ ਕਰਦੇ ਰਹੋ। ਫਲਦਾਰ ਬੂਟਿਆਂ ਦੇ ਮੁੱਢਾਂ ਨੂੰ ਤਿੱਖੀ ਧੁੱਪ ਤੋਂ ਬਚਾਉਣ ਲਈ ਕਲੀ ਦੇ ਘੋਲ ਦਾ ਲੇਪ ਕੀਤਾ ਜਾ ਸਕਦਾ ਹੈ। ਛੋਟੇ ਫਲਦਾਰ ਬੂਟਿਆਂ ਨੂੰ ਤੇਜ਼ ਗਰਮੀ ਤੋਂ ਬਚਾਉਣ ਲਈ ਪਰਾਲੀ ਜਾਂ ਖਜੂਰ ਦੇ ਪੱਤਿਆਂ ਨਾਲ ਛੌਰਾ ਕੀਤਾ ਜਾ ਸਕਦਾ ਹੈ ਅਤੇ ਇਹਨਾਂ ਨੂੰ ਲਗਾਤਾਰ ਹਲਕੇ ਪਾਣੀ ਦਿੰਦੇ ਰਹਿਣਾ ਚਾਹੀਦਾ ਹੈ। ਨਿੰਬੂ ਜਾਤੀ ਦੇ ਬੂਟਿਆਂ ਉੱਪਰ ਜ਼ਿੰਕ ਸਲਫੇਟ 4.7 ਗ੍ਰਾਮ ਅਤੇ ਮੈਂਗਨੀਜ਼ ਸਲਫੇਟ 3.3 ਗ੍ਰਾਮ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਛਿੜਕਾਅ ਕਰੋ। ਇਸ ਸਮੇਂ ਬੇਰੀਆਂ ਦੀ ਕਾਂਟ-ਛਾਂਟ ਸ਼ੁਰੂ ਕੀਤੀ ਜਾ ਸਕਦੀ ਹੈ।

**ਸਬਜ਼ੀਆਂ** : ਟਮਾਟਰ, ਬੈਂਗਣ, ਮਿਰਚ, ਸ਼ਿਮਲਾ ਮਿਰਚ ਅਤੇ ਵੇਲਾਂ ਵਾਲੀਆਂ ਸਬਜ਼ੀਆਂ ਨੂੰ ਪਾਣੀ ਸਹੀ ਅੰਤਰਾਲ ਤੇ ਦਿਓ ਅਤੇ ਲੋੜ ਤੋਂ ਵੱਧ ਪਾਣੀ ਨਾ ਲਾਓ। ਤੁੜਾਈ ਸਮੇਂ ਬੂਟਿਆਂ ਦਾ ਧਿਆਨ ਰੱਖੋ ਤਾਂ ਜੋ ਇਹਨਾਂ ਨੂੰ ਨੁਕਸਾਨ ਨਾ ਪਹੁੰਚੇ। ਬੈਂਗਣ, ਮਿਰਚ, ਸ਼ਿਮਲਾ ਮਿਰਚ ਅਤੇ ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਤੁੜਾਈ ਸਮੇਂ-ਸਮੇਂ ਤੇ ਕਰਦੇ ਰਹੋ। ਮਾਰਚ ਵਿਚ ਬੀਜੀ ਗਈ ਸਾਉਣੀ ਦੇ ਗੰਢਿਆਂ ਦੀ ਪਨੀਰੀ ਦੀ ਚੰਗੀ ਤਰ੍ਹਾਂ ਦੇਖਭਾਲ ਕਰੋ ਅਤੇ 5-7 ਦਿਨਾਂ ਦੇ ਵਕਫੇ ਤੇ ਪਾਣੀ ਦਿੰਦੇ ਰਹੋ।

**ਪਸ਼ੂ ਪਾਲਣ** : ਗਰਮੀਆਂ ਵਿਚ ਪਸ਼ੂਆਂ ਦੀ ਖੁਰਾਕ ਵੱਲ ਖਾਸ ਧਿਆਨ ਦੇਣ ਦੀ ਲੋੜ ਹੁੰਦੀ ਹੈ। ਕਈ ਵਾਰ ਇਸ ਮੌਸਮ ਵਿਚ ਹਰੇ ਚਾਰੇ ਦੀ ਘਾਟ ਆ ਜਾਂਦੀ ਹੈ, ਜਿਸ ਕਾਰਣ ਪਸ਼ੂ ਪਾਲਕ ਸੁੱਕੇ ਚਾਰੇ ਖੁਆਉਣ ਲਈ ਮਜ਼ਬੂਰ ਹੋ ਜਾਂਦੇ ਹਨ। ਪਰ ਇਨ੍ਹਾਂ ਸੁੱਕੇ ਚਾਰਿਆਂ ਵਿਚ ਪਚਣ ਯੋਗ ਤੱਤ ਬਹੁਤ ਘੱਟ ਹੁੰਦੇ ਹਨ। ਲਵੇਰੀ ਤੋਂ ਪੂਰਾ ਦੁੱਧ ਲੈਣ ਲਈ ਸੰਤੁਲਿਤ ਵੰਡ ਜਿਸ ਵਿਚ ਘੱਟੋ ਘੱਟ 16 ਪ੍ਰਤੀਸ਼ਤ ਪਚਣ ਯੋਗ ਕੱਚੀ ਪ੍ਰੋਟੀਨ ਹੋਵੇ, ਜ਼ਰੂਰ ਵਰਤੋ। ਗਰਮੀਆਂ ਵਿਚ ਬਹੁ-ਕਟਾਈ ਵਾਲੇ ਚਾਰੇ, ਹਰੇ ਪੱਠੇ ਪਾਉਣ ਲਈ ਬੀਜਣੇ ਬਹੁਤ ਜ਼ਰੂਰੀ ਹਨ। ਇਨ੍ਹਾਂ ਵਿੱਚ ਗਿੰਨੀ ਘਾਹ ਤੇ ਨੇਪੀਅਰ ਘਾਹ ਚੰਗੇ ਹਨ। ਕਣਕ ਜਾਂ ਜਵੀ ਤੋਂ ਖਾਲੀ ਹੋਏ ਖੇਤਾਂ ਵਿਚ ਪੱਠੇ ਬਿਨ੍ਹਾਂ ਦੇਰੀ ਕੀਤੇ ਬੀਜਣੇ ਚਾਹੀਦੇ ਹਨ।

## ਖੇਤੀ ਅਤੇ ਖੇਤੀ ਸਹਾਇਕ ਧੰਦਿਆਂ ਦੀ ਆਧੁਨਿਕ ਜਾਣਕਾਰੀ ਨਾਲ ਭਰਪੂਰ



ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਖੇਤੀ ਦੁਨੀਆਂ
Excellence in Agri Info
KHETI DUNIYAN An Exclusive Agri. Weekly
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001

ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com


# ਛੋਟੇ ਕਿਸਾਨਾਂ ਦੀ ਆਮਦਨ ਵਿੱਚ ਵਾਧੇ ਅਤੇ ਪਾਣੀ ਦੀ ਬੱਚਤ ਲਈ ਯਤਨਸ਼ੀਲ ਗੁਰਬਚਨ ਸਿੰਘ ਫਾਊਂਡੇਸ਼ਨ

ਡਾ. ਮਹਿੰਦਰ ਸਿੰਘ ਰੰਧਾਵਾ ਆਜ਼ਾਦ ਭਾਰਤ ਵਿਚ ਦਿੱਲੀ ਦੇ ਪਹਿਲੇ ਡਿਪਟੀ ਕਮਿਸ਼ਨਰ ਬਣੇ ਸਨ । ਉਨ੍ਹਾਂ ਆਪਣੇ ਲਈ ਉੱਥੇ ਘਰ ਬਣਾਇਆ । ਉਸ ਕਲੋਨੀ ਵਿਚ ਬਹੁਤੇ ਘਰ ਸੇਵਾ ਮੁਕਤ ਅਫਸਰਾਂ ਦੇ ਸਨ । ਉਹ ਦਸਦੇ ਸਨ ਕਿ ਜਦੋਂ ਮੈਂ ਉਥੇ ਜਾਣਾ ਤਾਂ ਵੇਖਣਾ ਬਹੁਤੇ ਆਦਮੀ ਘਰਾਂ ਦੇ ਬਰਾਂਡਿਆਂ ਵਿਚ ਬੈਠੇ ਅਖਬਾਰਾਂ ਪੜ੍ਹ ਰਹੇ ਹੁੰਦੇ ਜਾਂ ਗੱਪਾਂ ਮਾਰਦੇ ਹੁੰਦੇ । ਮੈਨੂੰ ਮਹਿਸੂਸ ਹੋਇਆ ਇਹ ਲੋਕ ਸਰਕਾਰ ਤੋਂ ਮੋਟੀਆਂ ਪੈਨਸ਼ਨਾਂ ਤੇ ਹੋਰ ਸਹੂਲਤਾਂ ਲੈਂਦੇ ਹਨ । ਸਮਾਜ ਲਈ ਕੁਝ ਕਰਨ ਦੀ ਥਾਂ ਇਹ ਆਪਣਾ ਕੀਮਤੀ ਸਮਾਂ ਵਿਹਲੇ ਬੈਠ ਗੁਆ ਰਹੇ ਹਨ । ਮੈਂ ਫੈਸਲਾ ਕੀਤਾ ਕਿ ਇਥੇ ਨਹੀਂ ਰਹਿਣਾ । ਇਨ੍ਹਾਂ ਨੂੰ ਵੇਖ ਮੈਂ ਵੀ ਆਲਸੀ ਹੋ ਜਾਵਾਂਗਾਂ । ਉਹ ਆਪਣੇ ਆਖਰੀ ਸਾਹ ਲੈਣ ਤੱਕ ਫਾਰਮ ਹਾਊਸ ਉੱਤੇ ਰਹਿੰਦਿਆਂ ਪੰਜਾਬ ਅਤੇ ਪੰਜਾਬੀਆਂ ਦੀ ਸੇਵਾ ਲਈ ਸਿਰ ਤੋੜ ਯਤਨ ਕਰਦੇ ਰਹੇ । ਇਹੋ ਫਲਸਫਾ ਪ੍ਰਸਿੱਧ ਖੇਤੀ ਵਿਗਿਆਨੀ ਡਾ. ਗੁਰਬਚਨ ਸਿੰਘ ਹੋਰਾਂ ਦਾ ਸੀ । ਉਨ੍ਹਾਂ ਦਾ ਬਹੁਤਾ ਸਮਾਂ ਕਰਨਾਲ ਸਥਿਤ ਕੇਂਦਰੀ ਭੂਮੀ ਸੁਧਾਰ ਖੋਜ ਕੇਂਦਰ ਵਿਚ ਬੀਤਿਆ । ਇਥੋਂ ਉਹ ਭਾਰਤ ਸਰਕਾਰ ਦੇ ਖੇਤੀ ਕਮਿਸ਼ਨਰ ਅਤੇ ਭਾਰਤੀ ਖੇਤੀ ਖੋਜ ਪਰਿਸ਼ਦ ਨਵੀਂ ਦਿੱਲੀ ਵਿਚ ਡਿਪਟੀ ਡਾਇਰੈਕਟਰ ਜਨਰਲ ਰਹੇ ਤੇ ਇਸ ਸੰਸਥਾ ਤੋਂ ਚੇਅਰਮੈਨ ਨਿਯੁਕਤੀ ਬੋਰਡ ਦੀ ਮਹੱਤਵਪੂਰਨ ਪਦਵੀ ਤੋਂ ਸੇਵਾ ਮੁਕਤ ਹੋਏ । ਇਨ੍ਹਾਂ ਆਪਣਾ ਘਰ ਕਰਨਾਲ ਹੀ ਬਣਾ ਲਿਆ ਸੀ ਤੇ ਇਥੇ ਹੀ ਰਹਿਣ ਦਾ ਫੈਸਲਾ ਕੀਤਾ । ਉਹ ਛੋਟੇ ਕਿਸਾਨਾਂ ਲਈ ਅਜੇਹੇ ਪੈਕੇਜ ਤਿਆਰ ਕਰਨਾ ਚਾਹੁੰਦੇ ਸਨ ਤਾਂ ਜੋ ਕਿਸਾਨ ਵੀ ਰੱਜਵੀਂ ਰੋਟੀ ਖਾ ਸਕੇ । ਨੌਕਰੀ ਦੇ ਬੰਧਨਾਂ ਵਿਚ ਰਹਿ ਕੇ ਜਿਹੜੇ ਸੁਪਨੇ ਉਹ ਪੂਰੇ ਨਹੀਂ ਸਨ ਕਰ ਸਕੇ, ਹੁਣ ਅਜੇਹਾ ਕਰਨ ਦਾ ਮੌਕਾ ਮਿਲਿਆ ਸੀ । ਉਨ੍ਹਾਂ ਗੁਰਬਚਨ ਸਿੰਘ ਫਾਊਂਡੇਸ਼ਨ ਬਣਾਈ ਜਿਸ ਦਾ ਮੁੱਖ ਮੰਤਵ ਖੇਤੀ ਖੋਜ ਕਰਨਾ ਅਤੇ ਕਿਸਾਨ ਸਿਖਲਾਈ ਹੈ ।





ਇਸ ਸੰਸਥਾ ਲਈ ਉਨ੍ਹਾਂ ਕਰਨਾਲ ਤੋਂ 15 ਕੁ ਕਿਲੋਮੀਟਰ ਦੂਰ ਸੱਤ ਏਕੜ ਮਾੜੀ ਸਮਝੀ ਜਾਂਦੀ ਧਰਤੀ ਖਰੀਦੀ । ਉਹ ਆਪਣੇ ਮਿਸ਼ਨ ਵਿਚ ਸਫਲ ਹੋਣਕੇ ਇਸ ਦਾ ਉਨ੍ਹਾਂ ਨੂੰ ਭਰੋਸਾ ਸੀ । ਇਸ ਭਰੋਸੇ ਨੂੰ ਹੋਰ ਪਰਪੱਕ ਉਨਾਂ ਦੀ ਜੀਵਨ ਸਾਥਨ ਸ੍ਰੀਮਤੀ ਹਰਜੀਤ ਕੌਰ ਹੋਰਾਂ ਕੀਤਾ । ਉਹ ਸਰਕਾਰੀ ਸਕੂਲ ਵਿਚ ਅਧਿਆਪਕ ਸਨ । ਸਕੂਲਾਂ ਵਿਚ ਜਿਸ ਤਰ੍ਹਾਂ ਅਤੇ ਜੋ ਵੀ ਪੜ੍ਹਾਇਆ ਜਾਂਦਾ ਹੈ ਉਸ ਤੋਂ ਉਹ ਖੁਸ਼ ਨਹੀਂ ਸਨ । ਉਹ ਚਾਹੁੰਦੇ ਸਨ ਕਿ ਆਪਣਾ ਸਕੂਲ ਖੋਲ੍ਹਾਂ ਜਿੱਥੇ ਬੱਚਿਆਂ ਦੀ ਸੰਪੂਰਨ ਸ਼ਖਸੀਅਤ ਉਸਾਰੀ ਹੋ ਸਕੇ ਅਤੇ ਉਹ ਆਪਣੇ ਸੁਪਨਿਆਂ ਦੀ ਪੂਰਤੀ ਕਰ ਸਕਣ । ਉਨ੍ਹਾਂ ਸਰਕਾਰੀ ਨੌਕਰੀ ਤੋਂ ਤਿਆਰ ਪੱਤਰ ਦਿੱਤਾ ਅਤੇ ਘਰ ਇਕ ਕਮਰੇ ਵਿਚ ਸਕੂਲ ਦੀ ਅਰੰਭਤਾ ਕੀਤੀ । ਗੁਰਬਚਨ ਸਿੰਘ ਹੋਰਾਂ ਨੂੰ ਆਪਣੀ ਮੋਟਰਸਾਈਕਲ ਵੇਚਣਾ ਪਿਆ ਤਾਂ ਜੋ ਕੁਝ ਫਰਨੀਚਰ ਖਰੀਦਿਆ ਜਾ ਸਕੇ । ਮੈਡਮ ਨੇ ਆਪਣੀ ਮਿਹਨਤ ਨਾਲ ਬੱਚਿਆਂ ਦੇ ਮਾਪਿਆਂ ਦਾ ਵਿਸ਼ਵਾਸ ਜਿੱਤਿਆ । ਹੁਣ ਉਨ੍ਹਾਂ ਦੇ ਦੋ ਬਹੁਤ ਹੀ ਆਧੁਨਿਕ ਸਕੂਲ ਬਣ ਗਏ ਹਨ ਜਿਨ੍ਹਾਂ ਨੂੰ ਉੱਤਰੀ ਭਾਰਤ ਦੇ ਚੋਟੀ ਦੇ ਸਕੂਲਾਂ ਵਿਚ ਗਿਣਿਆ ਜਾਂਦਾ ਹੈ ।

ਗੁਰਬਚਨ ਸਿੰਘ ਹੋਰਾਂ ਲਈ ਪਹਿਲਾ ਕੰਮ ਖਰੀਦੀ ਗਈ ਜ਼ਮੀਨ ਦਾ ਸੁਧਾਰ ਕਰਨਾ ਸੀ । ਮੁੜ ਉੱਥੇ ਦਫਤਰ, ਪ੍ਰਯੋਗਸ਼ਾਲਾ, ਸਿਖਲਾਈ ਕੇਂਦਰ, ਉਪਜ ਭੰਡਾਰ ਘਰ, ਡੰਗਰਾਂ ਦੇ ਸ਼ੈੱਡ ਆਦਿ ਦੀ ਉਸਾਰੀ ਕੀਤੀ ਗਈ । ਖੋਜ ਲਈ ਉਨ੍ਹਾਂ ਆਪਣੇ ਫਾਰਮ ਉੱਤੇ 15 ਕਿਸਮ ਦੇ ਫਲਦਾਰ ਬੂਟੇ ਲਗਾਏ ਜਿਹੜੇ ਹੁਣ ਫਲ ਦੇ ਰਹੇ ਹਨ । ਸਬਜ਼ੀਆਂ ਦੀ ਕਾਸ਼ਤ ਲਈ ਵੱਖਰਾ ਖੇਤ ਨਿਰਧਾਰਿਤ ਕੀਤਾ ਹੈ । ਦੋ ਏਕੜ ਧਰਤੀ ਉੱਤੇ ਉਹ ਫਸਲਾਂ ਦੀਆਂ ਨਵੀਆਂ ਕਿਸਮਾਂ ਦੀ ਪਰਖ ਕਰਦੇ ਹਨ ਅਤੇ ਨਵੀਆਂ ਕਿਸਮਾਂ ਵਿਕਸਤ ਵੀ ਕਰ ਰਹੇ ਹਨ । ਉਨ੍ਹਾਂ ਦੀ ਇਕ ਮਹੱਤਵਪੂਰਨ ਖੋਜ ਖੇਤ ਵਿਚੋਂ ਇੱਕੋ ਸਮੇਂ ਇਕ ਤੋਂ ਵੱਧ ਫਸਲਾਂ ਲੈਣ ਲਈ ਢੁੱਕਵੀਆਂ ਫਸਲਾਂ ਦੀ ਚੋਣ, ਉਨ੍ਹਾਂ ਦੇ ਜੋੜੇ ਬਨਾਉਣੇ ਅਤੇ ਪੈਦਾਵਾਰੀ ਢੰਗ ਨਿਸ਼ਚਿਤ ਕਰਨਾ ਹੈ ਤਾਂ ਜੋ ਇਕ ਛੋਟਾ ਕਿਸਾਨ ਘਟ ਧਰਤੀ ਵਿਚੋਂ ਵਸੀਲਿਆਂ ਦੀ ਬਚਤ ਕਰਦਾ ਹੋਇਆ ਵਧ ਤੋਂ ਵਧ ਆਮਦਨ ਲੈ ਸਕੇ । ਕਿਸਾਨ ਦੀ ਆਮਦਨ ਵਿਚ ਵਾਧੇ ਲਈ ਸਹਾਇਕ ਧੰਦੇ ਵੀ ਜ਼ਰੂਰੀ ਹਨ । ਉਨ੍ਹਾਂ ਫਾਰਮ ਉੱਤੇ ਮੱਝਾਂ, ਗਾਵਾਂ, ਮੁਰਗੀਆਂ ਅਤੇ ਬਕਰੀਆਂ ਪਾਲੀਆਂ ਹਨ । ਆਪਣੇ ਮਿਸ਼ਨ ਦੀ ਪੂਰਤੀ ਲਈ ਉਹ ਦਿਨ ਰਾਤ ਮਿਹਨਤ ਕਰ ਰਹੇ ਹਨ । ਸਲਾਹ ਮਸ਼ਵਰੇ ਲਈ ਸੰਬੰਧਿਤ ਖੇਤੀ ਵਿਗਿਆਨੀਆਂ ਨੂੰ ਆਪਣੇ ਖੋਜ ਕੇਂਦਰ ਉੱਤੇ ਬੁਲਾਉਂਦੇ ਰਹਿੰਦੇ ਹਨ ।

ਗੁਰਬਚਨ ਸਿੰਘ ਫਾਊਂਡੇਸ਼ਨ ਜਿੱਥੇ ਖੇਤੀ ਸਬੰਧੀ ਖੋਜ ਕਰਦੀ ਹੈ ਉੱਥੇ ਕਿਸਾਨਾਂ ਨੂੰ ਸਿਖਲਾਈ ਵੀ ਦਿੰਦੀ ਹੈ ਅਤੇ ਨਵੀਆਂ ਸਿਫਾਰਸ਼ਾਂ ਨੂੰ ਆਪਣੇ ਖੇਤਾਂ ਵਿਚ ਲਾਗੂ ਕਰਨ ਲਈ ਉਨ੍ਹਾਂ ਨੂੰ ਉਤਸਾਹਿਤ ਵੀ ਕਰਦੀ ਹੈ । ਇਸ ਸਮੇਂ ਉੱਤਰੀ ਭਾਰਤ ਦੀ ਖੇਤੀ ਦੋ ਪ੍ਰਮੁੱਖ ਸਮੱਸਿਆਵਾਂ ਦਾ ਸਾਹਮਣਾ ਕਰ ਰਹੀ ਹੈ । ਛੋਟੇ ਕਿਸਾਨਾਂ ਦੀ ਆਮਦਨ ਵਿਚ ਵਾਧਾ ਕਰਨਾ ਅਤੇ ਧਰਤੀ ਹੇਠਲੇ ਪਾਣੀ ਦੀ ਬਚਤ ਕਰਨੀ । ਇਨ੍ਹਾਂ ਦੋਵਾਂ ਮੁੱਦਿਆਂ ਤੇ ਕੀਤੀ ਜਾ ਰਹੀ ਖੋਜ ਤੋਂ ਬਹੁਤ ਹੀ ਵਧੀਆ ਨਤੀਜੇ ਪ੍ਰਾਪਤ ਹੋਏ ਹਨ । ਖੋਜ ਕੇਂਦਰ ਉੱਤੇ ਦੋ ਏਕੜ ਧਰਤੀ ਵਿਚ ਮਿੱਸੀ ਖੇਤੀ ਦਾ ਤਜਰਬਾ ਕੀਤਾ ਜਾ ਰਿਹਾ ਹੈ । ਇਸ ਵਿਚ ਮੱਛੀ ਪਾਲਣ, ਡੇਅਰੀ, ਬੱਕਰੀ ਪਾਲਣ, ਫਲਦਾਰ ਰੁੱਖ ਅਤੇ ਸਬਜ਼ੀਆਂ ਦੀ ਕਾਸ਼ਤ ਕੀਤੀ ਜਾ



ਡਾ. ਰਣਜੀਤ ਸਿੰਘ

ਰਹੀ ਹੈ । ਡੰਗਰਾਂ ਦੇ ਗੋਬਰ ਨਾਲ ਗੈਸ ਪਲਾਂਟ ਚਲਾਇਆ ਜਾ ਰਿਹਾ ਹੈ । ਮੁੜ ਮੱਛੀ ਤਲਾਬ ਵਿਚ ਪਾ ਕੇ ਖੇਤਾਂ ਵਿਚ ਭੇਜਿਆ ਜਾ ਰਿਹਾ ਹੈ । ਮੱਛੀ ਛੱਪੜ ਕੇ ਕੰਢੇ ਫਲਦਾਰ ਬੂਟੇ ਲਗਾਏ ਗਏ ਹਨ । ਸਬਜ਼ੀਆਂ ਫਲਾਂ ਅਤੇ ਦੁੱਧ ਤੋਂ ਰੋਜ਼ਾਨਾ ਆਮਦਨ ਹੋ ਰਹੀ ਹੈ । ਘਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਣਕ, ਚੌਲ, ਦਾਲਾਂ ਅਤੇ ਤੇਲਬੀਜਾਂ ਦੀ ਕਾਸ਼ਤ ਕੀਤੀ ਜਾ ਰਹੀ ਹੈ । ਛੋਟੇ ਕਿਸਾਨਾਂ ਲਈ ਇਹ ਇਕ ਤਰ੍ਹਾਂ ਨਾਲ ਕੁਦਰਤੀ ਖੇਤੀ ਵਲ ਮੋੜਾ ਵੀ ਹੈ ।

ਕਣਕ ਝੋਨਾ ਉੱਤਰੀ ਭਾਰਤ ਦਾ ਮੁੱਖ ਫਸਲ ਚੱਕਰ ਬਣਿਆ ਹੋਇਆ ਹੈ । ਇਸ ਸੰਬੰਧੀ ਵੀ ਤਜਰਬੇ ਹੋਏ ਹਨ । ਇਹ ਵੇਖਿਆ ਗਿਆ ਹੈ ਕਿ ਝੋਨੇ ਹੇਠੋਂ ਕੁਝ ਰਕਬਾ ਕੱਢ ਮੱਕੀ ਅਤੇ ਸੋਇਆਬੀਨ ਹੇਠ ਆ ਸਕਦਾ ਹੈ । ਇਸੇ ਤਰ੍ਹਾਂ ਕਣਕ ਦੀ ਥਾਂ ਸਰ੍ਹੋਂ, ਛੋਲੇ ਅਤੇ ਮਸਰ ਬੀਜੇ ਜਾ ਸਕਦੇ ਹਨ । ਕਣਕ ਝੋਨੇ ਦੇ ਫਸਲੀ ਚੱਕਰ ਵਿਚ ਪਾਣੀ ਦੀ ਬੱਚਤ ਦੇ ਵੀ ਸਫਲ ਤਜਰਬੇ ਕੀਤੇ ਗਏ ਹਨ । ਕਣਕ ਦੀ ਬਿਜਾਈ ਵੱਟਾਂ ਉੱਤੇ ਕੀਤੀ ਗਈ ਅਤੇ ਨਾਲੀਆਂ ਵਿਚ ਪਰਾਲੀ ਵਿਛਾਈ ਗਈ ਜਿਸ ਨਾਲ 30% ਤੱਕ ਪਾਣੀ ਦੀ ਬੱਚਤ ਹੋਈ । ਇਸ ਨਾਲ ਨਦੀਨਾਂ ਦੀ ਰੋਕਥਾਮ ਵੀ ਹੋ ਸਕੀ ।

ਚੱਲਦਾ